ਸਿਟੀ ਕੌਂਸਲ ਚੈਂਬਰਸ

3300 ਕੈਪਿਟੋਲ ਐਵਨਿਊ

ਫ੍ਰੀਮੌਂਟ, ਕੈਲੀਫੋਰਨੀਆ

## ਫ੍ਰੀਮੌਂਟ ਸਿਟੀ ਕੌਂਸਲ

ਲਿਲੀ ਮੇਈ (Lily Mei), ਮੇਅਰ

ਰਿਕ ਜੋਨਸ (Rick Jones), ਉਪ ਮੇਅਰ

ਵਿਨੀ ਬਾਕੋਨ (Vinnie Bacon)

ਰਾਜ ਸਲਵਾਨ (Raj Salwan)

ਡੇਵਿਡ ਬੋਨਾਕਕੋਰਸੀ (David Bonaccorsi)

## ਸਿਟੀ ਸਟਾਫ

ਫ੍ਰੇਡ ਡੀਆਜ਼ (Fred Diaz), ਸਿਟੀ ਪ੍ਰਬੰਧਕ

ਹਾਰਵੇ ਈ. ਲੇਵਾਇਨ (Harvey E. Levine), ਸਿਟੀ ਅਟਾਰਨੀ

ਜੈਸਿਕਾ ਵੋਨ ਬੋਰਕ (Jessica von Borck), ਸਹਾਇਕ ਸਿਟੀ ਪ੍ਰਬੰਧਕ

ਮੈਰਿਲਿਨ ਕਰੇਨ (Marilyn Crane), ਇੰਨਫਾਰਮੇਸ਼ਨ ਟੈਕ. ਸੇਵਾ ਨਿਦੇਸ਼ਕ

ਸੂਸਨ ਗੌਥੀਅਰ (Susan Gauthier), ਸਿਟੀ ਕਲਰਕ

ਕੈਲੀ ਕਲਾਇਨ (Kelly Kline), ਵਿੱਤੀ ਵਿਕਾਸ ਨਿਦੇਸ਼ਕ

ਹੈਂਸ ਲਾਰਸਨ (Hans Larsen), ਜਨਤਕ ਕਾਰਜ ਨਿਦੇਸ਼ਕ

ਜਿਉਫ ਲਾਟੈਂਡਰੇਸੇ (Geoff LaTendresse), ਫਾਇਰ ਪ੍ਰਮੁੱਖ

ਰਿਚਰਡ ਲੁਸੇਰੋ (Richard Lucero), ਪੁਲਿਸ ਪ੍ਰਮੁੱਖ

ਡੇਵਿਡ ਪਰਸਸੇਲਿਨ (David Persselin), ਵਿੱਤ ਨਿਦੇਸ਼ਕ

ਜੈਫ਼ ਸ਼ਵੋਬ (Jeff Schwob), ਸਮੁਦਾਇਕ ਵਿਕਾਸ ਨਿਦੇਸ਼ਕ

ਕਰੇਨਾ ਸ਼ੈਕਲਫ਼ੋਰਡ (Karena Shackelford), ਉਪ ਸਿਟੀ ਪ੍ਰਬੰਧਕ

ਸੁਜ਼ੇਨ ਸ਼ੇਨਫਿਲ (Suzanne Shenfil), ਮਨੁੱਖੀ ਸੇਵਾਵਾਂ ਨਿਦੇਸ਼ਕ

# ਫ੍ਰੀਮੌਂਟ ਸਿਟੀ ਕੌਂਸਲ

# ਏਜੰਡਾ ਅਤੇ ਰਿਪੋਰਟਾਂ

ਜੂਨ **13, 2017**

## ਕਾਰਜ ਦਾ ਆਮ ਕ੍ਰਮ

1. ਮੁੱਢਲਾ
    - ਮੀਟਿੰਗ ਸ਼ੁਰੂ ਕਰਨੀ
    - ਝੰਡੇ ਨੂੰ ਸਲਾਮੀ
    - ਹਾਜ਼ਰੀ ਲਗਾਉਣੀ
2. ਮਨਜ਼ੂਰੀ ਕੈਲੰਡਰ
3. ਰਸਮੀ ਆਈਟਮਾਂ
4. ਜਨਤਕ ਸੰਚਾਰ
5. ਸੂਚੀਬੱਧ ਮੁੱਦੇ
    - ਜਨਤਕ ਸੁਣਵਾਈਆਂ
    - ਅਪੀਲਾਂ
    - ਕਮਿਸ਼ਨਾਂ, ਬੋਰਡਾਂ ਅਤੇ ਕਮੇਟੀਆਂ ਤੋਂ ਰਿਪੋਰਟਾਂ
6. ਸਿਟੀ ਅਟਾਰਨੀ ਤੋਂ ਰਿਪੋਰਟ
7. ਹੋਰ ਕਾਰਜ
8. ਕੌਂਸਲ ਸੰਚਾਰ
9. ਮੁਲਤਵੀਕਰਨ

## ਚਰਚਾ ਦਾ ਕ੍ਰਮ

ਆਮ ਤੌਰ ਤੇ, ਮੇਅਰ ਦੁਆਰਾ ਕਿਸੇ ਆਈਟਮ ਦੀ ਜਾਣ-ਪਛਾਣ ਤੋਂ ਬਾਅਦ ਚਰਚਾ ਦੇ ਕ੍ਰਮ ਵਿੱਚ ਸਟਾਫ ਦੁਆਰਾ ਜਾਣਕਾਰੀ ਅਤੇ ਟਿੱਪਣੀਆਂ ਸ਼ਾਮਿਲ ਹੁੰਦੀਆਂ ਹਨ ਜਿਸ ਤੋਂ ਬਾਅਦ ਸਿਟੀ ਕੌਂਸਲ ਦੇ ਸਵਾਲ ਅਤੇ ਪੁੱਛ-ਗਿੱਛ ਸ਼ਾਮਲ ਹੁੰਦੀ ਹੈ। ਬਿਨੈਕਾਰ, ਜਾਂ ਉਨ੍ਹਾਂ ਦੇ ਅਧਿਕਾਰਤ ਮਨੋਨੀਤ, ਜਾਂ ਦਿਲਚਸਪੀ ਰੱਖਣ ਵਾਲੇ ਨਾਗਰਿਕ, ਆਈਟਮ ਉੱਤੇ ਗੱਲ੍ਹਬਾਤ ਕਰ ਸਕਦੇ ਹਨ; ਹਰੇਕ ਬੁਲਾਰਾ ਕੇਵਲ ਹਰ ਇੱਕ ਆਇਟਮ 'ਤੇ ਇੱਕ ਵਾਰ ਗੱਲ੍ਹਬਾਤ ਕਰ ਸਕਦਾ ਹੈ। ਜਨਤਕ ਚਰਚਾ ਦੇ ਬੰਦ ਹੋਣ 'ਤੇ, ਆਇਟਮ 'ਤੇ ਸਿਟੀ ਕੌਂਸਲ ਦੁਆਰਾ ਵਿੱਚਾਰ ਕੀਤਾ ਜਾਵੇਗਾ ਅਤੇ ਕਾਰਵਾਈ ਕੀਤੀ ਜਾਵੇਗੀ। ਏਜੰਡੇ ਦੀਆਂ ਆਈਟਮਾਂ ਦਾ ਕ੍ਰਮ ਸੂਚੀਬੱਧ ਵਿੱਚੋਂ ਬਦਲਿਆ ਜਾ ਸਕਦਾ ਹੈ।

## ਮਨਜ਼ੂਰੀ ਕੈਲੰਡਰ

ਸਿਟੀ ਕੌਂਸਲ ਦੁਆਰਾ ਏਜੰਡੇ ਦੀਆਂ ਆਈਟਮਾਂ ਨੂੰ ਰੁਟੀਨ ਦੀਆਂ ਆਈਟਮਾਂ ਮੰਨਿਆ ਜਾ ਸਕਦਾ ਹੈ ਅਤੇ ਇਹਨਾਂ ਨੂੰ ਇੱਕ ਪ੍ਰਸਤਾਵ ਅਤੇ ਇੱਕ ਵੋਟ ਨਾਲ ਅਧਿਨਿਯਮਿਤ ਕੀਤਾ ਜਾਵੇਗਾ। ਇਹਨਾਂ ਮਦਾਂ ਦੀ ਕੋਈ ਵੱਖਰੀ ਚਰਚਾ ਨਹੀਂ ਹੋਵੇਗੀ ਜਦੋਂ ਤੱਕ ਕਿ ਕੋਈ ਕੌਂਸਲ ਮੈਂਬਰ ਜਾਂ ਨਾਗਰਿਕ ਇਸ ਲਈ ਬੇਨਤੀ ਨਹੀਂ ਕਰਦਾ, ਤਾਂ ਇਸ ਸਥਿਤੀ ਵਿਚ

## ਕੌਂਸਲ ਨੂੰ ਸੰਬੋਧਨ

ਮੇਅਰ ਦੁਆਰਾ ਪਛਾਣ ਤੋਂ ਬਾਅਦ ਕੋਈ ਵੀ ਵਿਅਕਤੀ ਕੇਵਲ ਇਕ ਵਾਰ ਸਿਟੀ ਕੌਂਸਲ ਤਹਿਤ ਚਰਚਾ ਬਾਰੇ ਕਿਸੇ ਵੀ ਆਈਟਮ 'ਤੇ ਵਿਚਾਰ ਰੱਖ ਸਕਦਾ ਹੈ। ਬੁਲਾਰਿਆਂ ਲਈ ਕਾਰਡ ਬੈਠਕ ਤੋਂ ਪਹਿਲਾਂ ਅਤੇ ਬੈਠਕ ਦਰਮਿਆਨ ਉਪਲੱਬਧ ਹੋਣਗੇ। ਸਿਟੀ ਕੌਂਸਲ ਨੂੰ ਸੰਬੋਧਿਤ ਕਰਨ ਲਈ ਨਾਂ, ਪਤਾ ਅਤੇ ਬੁਲਾਰੇ ਦੁਆਰਾ ਬੋਲਣ ਲਈ ਆਖੀਆਂ ਗਈਆਂ ਆਈਟਮਾਂ ਬਾਰੇ ਇੱਕ ਕਾਰਡ ਸਿਟੀ ਕਲਰਕ ਕੋਲ ਸਬਮਿਟ ਕਰਨਾ ਜ਼ਰੂਰੀ ਹੈ। ਸਿਟੀ ਕੌਂਸਲ ਨੂੰ ਸੰਬੋਧਨ ਕਰਨ ਦਰਮਿਆਨ, ਕਿਰਪਾ ਕਰਕੇ ਸਿਟੀ ਕੌਂਸਲ ਦੇ ਸਾਹਮਣੇ ਲੱਗੇ ਲੈਕਟਰਨ (ਭਾਸ਼ਣ-ਮੰਚ) 'ਤੇ ਜਾਓ। ਆਪਣਾ ਨਾਮ ਦੱਸੋ। ਸਾਰੇ ਵਿਅਕਤੀਆਂ ਲਈ ਬੋਲਣ ਦੇ ਮੌਕੇ ਨੂੰ ਯਕੀਨੀ ਬਣਾਉਣ ਲਈ, ਹਰੇਕ ਬੁਲਾਰੇ ਲਈ ਮੇਅਰ ਦੁਆਰਾ ਇੱਕ ਸਮਾਂ ਸੀਮਾ ਤੈਅ ਕੀਤੀ ਜਾਵੇਗੀ। (ਸਪੀਕਰ ਕਾਰਡ 'ਤੇ ਦਿੱਤੀਆਂ ਹਿਦਾਇਤਾਂ ਦੇਖੋ)। ਸਮੇਂ ਨੂੰ ਧਿਆਨ ਵਿੱਚ ਰੱਖਦਿਆਂ, ਹਰ ਵਿਅਕਤੀ ਹਰੇਕ ਏਜੰਡੇ ਵਿੱਚਲੀ ਵਿਅਕਤੀਗਤ ਆਈਟਮ 'ਤੇ ਕੇਵਲ ਇੱਕ ਵਾਰ ਬੋਲ ਸਕਦਾ ਹੈ; ਕਿਰਪਾ ਕਰਕੇ ਨਵੀਂ ਸਮੱਗਰੀ 'ਤੇ ਆਪਣੀਆਂ ਟਿੱਪਣੀਆਂ ਨੂੰ ਸੀਮਤ ਕਰੋ; ਪਹਿਲੇ ਬੁਲਾਰੇ ਦੁਆਰਾ ਬੋਲੇ ਗਏ ਵਿੱਚਾਰਾਂ ਨੂੰ ਨਾ ਦੁਹਰਾਓ।

## ਮੌਖਿਕ ਸੰਚਾਰ

ਕੋਈ ਵੀ ਵਿਅਕਤੀ ਜੋ ਉਸ ਮੁੱਦੇ ਬਾਰੇ ਬੋਲਣਾ ਚਾਹੁੰਦਾ ਹੈ ਜੋ ਇਸ ਏਜੰਡੇ ਤੇ ਅਨੁਸੂਚਿਤ ਨਹੀਂ ਤਾਂ ਉਹ ਅਜਿਹਾ ਜਨਤਕ ਸੰਚਾਰ ਦੇ ਭਾਗ ਮੌਖਿਕ ਸੰਚਾਰ ਤਹਿਤ ਅਜਿਹਾ ਕਰ ਸਕਦਾ ਹੈ। ਕਿਰਪਾ ਕਰਕੇ ਆਪਣਾ ਸਪੀਕਰ ਕਾਰਡ ਮੌਖਿਕ ਸੰਚਾਰ ਸ਼ੁਰੂ ਹੋਣ ਤੋਂ ਪਹਿਲਾਂ ਸਿਟੀ ਕਲਰਕ ਕੋਲ ਜਮ੍ਹਾਂ ਕਰਵਾਓ। ਮੌਖਿਕ ਸੰਚਾਰ ਸ਼ੁਰੂ ਹੋਣ ਤੋਂ ਪਹਿਲਾਂ ਜਿੰਨ੍ਹਾਂ ਲੋਕਾਂ ਨੇ ਕਾਰਡ ਜਮ੍ਹਾਂ ਕਰਵਾਏ ਹੋਣ ਸਿਰਫ਼ ਉਹਨਾਂ ਨੂੰ ਹੀ ਬੋਲਣ ਦੀ ਆਗਿਆ ਹੋਵੇਗੀ। ਕਿਰਪਾ ਕਰਕੇ ਧਿਆਨ ਦਿਓ ਕਿ ਜਦੋਂ ਤੱਕ ਕਿ ਆਇਟਮ ਸਖਤ ਕਾਨੂੰਨੀ ਜਰੂਰਤਾਂ ਨੂੰ ਪੂਰਾ ਨਾ ਕਰੇ, ਕੈਲੇਫੋਰਨੀਆ ਸਰਕਾਰੀ ਕੋਡ (California Government Code) ਉਸ ਕਾਰਵਾਈ ਤੇ ਤਤਕਾਲ ਕਾਰਵਾਈ ਕਰਨ ਤੇ ਰੋਕ ਲਗਾਉਂਦਾ ਹੈ ਜੋ ਏਜੰਡੇ ਵਿੱਚ ਮੌਜੂਦ ਨਹੀਂ ਹੁੰਦੀ। ਮੇਅਰ ਤੁਹਾਡੀ ਪ੍ਰਸਤੁਤੀ ਦੀ ਲੰਬਾਈ ਨੂੰ ਸੀਮਤ ਕਰ ਦੇਵੇਗਾ (ਸਪੀਕਰ ਕਾਰਡ ਤੇ ਦਿੱਤੀਆਂ ਹਿਦਾਇਤਾਂ ਨੂੰ ਦੇਖੋ) ਅਤੇ ਹਰੇਕ ਬੁਲਾਰਾ ਏਜੰਡੇ ਦੀ ਹਰੇਕ ਆਈਟਮ 'ਤੇ ਇੱਕ ਵਾਰ ਹੀ ਬੋਲ ਸਕਦਾ ਹੈ।

ਸਿਟੀ ਕੌਂਸਲ ਦੇ ਏਜੰਡੇ ਨੂੰ ਕੰਪਿਊਟਰ ਦੁਆਰਾ ਇਸ ਵਰਲਡ ਵਾਈਡ ਵੈੱਬ 'ਤੇ ਦੇਖਿਆ ਜਾ ਸਕਦਾ ਹੈ: **www.fremont.gov**

## ਜਾਣਕਾਰੀ

ਇੱਕ ਨਿਯਮਿਤ ਰੂਪ ਨਾਲ ਸੂਚੀਬੱਧ ਸਿਟੀ ਕੌਂਸਲ ਦੀ ਬੈਠਕ ਤੋਂ ਪਹਿਲਾਂ ਏਜੰਡੇ ਅਤੇ ਰਿਪੋਰਟ ਦੀਆਂ ਕਾਪੀਆਂ ਸ਼ੁੱਕਰਵਾਰ ਨੂੰ ਫ੍ਰੀਮੌਂਟ ਸਿਟੀ ਹਾਲ, 3300 ਕੈਪਿਟੋਲ ਏਵੇਨਿਊ ਅਤੇ ਡੇਵਲਪਮੇਂਟ ਸਰਵਿਸਿਜ਼ ਸੇਂਟਰ, 39550 ਲਿਬਰਟੀ ਸਟਰੀਟ ਦੀਆਂ ਲਾਬੀਆਂ ਵਿੱਚ ਉਪਲੱਬਧ ਹਨ। ਵਿਸ਼ੇਸ਼ ਏਜੰਡਾ ਮੱਦਾਂ ਨਾਲ ਸਬੰਧਤ ਪੂਰਕ ਦਸਤਾਵੇਜ਼ ਸਿਟੀ ਕਲਰਕ ਦੇ ਦਫ਼ਤਰ ਵਿੱਚ ਉਪਲੱਬਧ ਹਨ।
ਫ੍ਰੀਮੌਂਟ ਸਿਟੀ ਕਾਉਂਸਿਲ ਦੀ ਨਿਯਮਿਤ ਬੈਠਕਾਂ ਕੇਬਲ ਟੇਲੀਵਿਜਨ ਚੈਨਲ 27 ਉੱਤੇ ਪ੍ਰਸਾਰਿਤ ਕੀਤੀਆਂ ਜਾਂਦੀਆਂ ਹਨ ਅਤੇ ਸਾਡੀ ਵੈੱਬਸਾਈਟ (www.Fremont.gov) 'ਤੇ ਵੈੱਬਕਾਸਟ ਰਾਹੀਂ ਵੇਖੀਆਂ ਜਾ ਸਕਦੀਆਂ ਹਨ।

ਅਪਾਹਜ ਲੋਕਾਂ ਲਈ 1990 ਦੇ ਅਪਾਹਜਤਾ ਕਾਨੂੰਨ ਦੀ ਪਾਲਣਾ ਕਰਦਿਆਂ ਅਪਾਹਜ ਲੋਕਾਂ ਲਈ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਚਾਹਵਾਨ ਸੱਜਣਾਂ ਨੂੰ ਬੈਠਕ ਤੋਂ ਘੱਟ ਵਲੋਂ ਘੱਟ 2 ਕੰਮਕਾਜੀ ਦਿਨ ਪਹਿਲਾਂ ਸਿਟੀ ਕਲਰਕ ਨੂੰ (510) 284-4060 'ਤੇ ਸਮਾਯੋਜਨਾਂ ਲਈ ਬੇਨਤੀ ਕਰਨੀ ਚਾਹੀਦੀ ਹੈ। ਸਿਟੀ ਕੌਂਸਲ ਦੀਆਂ ਬੈਠਕਾਂ ਨੂੰ ਕੌਂਸਲ ਦੇ ਚੈਂਬਰਾਂ ਵਿੱਚ ਬੋਲਿਆਂ (ਬਹਿਰੇ ਲੋਕਾਂ) ਲਈ *ਓਪਨ ਕੈਪਸ਼ਨ* ਅਤੇ ਘਰ ਦੇਖਣ ਲਈ *ਕਲੋਜ਼ਡ ਕੈਪਸ਼ਨ* ਕੀਤਾ ਜਾਂਦਾ ਹੈ।

## ਜਨਤਕ ਰਿਕਾਰਡਾਂ ਦੀ ਉਪਲਬਧਤਾ

ਇਸ ਏਜੰਡੇ 'ਤੇ ਓਪਨ ਸੈਸ਼ਨ ਨਾਲ ਸਬੰਧਿਤ ਖੁਲਾਸਾ ਕਰਨ ਯੋਗ ਸਾਰੇ ਰਿਕਾਰਡ ਜਿਸ ਮੀਟਿੰਗ ਤੋਂ 72 ਘੰਟੇ ਪਹਿਲਾਂ ਸਿਟੀ ਦੁਆਰਾ ਸਾਰਿਆਂ ਨੂੰ ਜਾਂ ਜਿਆਦਾਤਰ ਸਿਟੀ ਕੌਂਸਲ ਨੂੰ ਵੰਡਿਆ ਜਾਂਦਾ ਹੈ, ਉਹ ਆਮ ਕੰਮਕਾਜੀ ਸਮੇਂ ਦੌਰਾਨ ਫ੍ਰੀਮੌਂਟ ਸਿਟੀ ਹਾਲ, 3300 ਕੈਪਿਟੋਲ ਐਵੇਨਿਊ ਦੀ ਲਾਬੀ ਵਿੱਚ ਸਥਿਤ ਵਿਸ਼ੇਸ਼ ਰੂਪ ਵਿੱਚ ਲੇਬਲ ਕੀਤੇ ਬਾਇੰਡਰਸ ਵਿੱਚ ਨਿਰੀਖਣ ਲਈ ਉਪਲਬਧ ਹੋਣਗੇ ਜਦੋਂ ਕਿ ਰਿਕਾਰਡ ਨੂੰ ਸਿਟੀ ਕੌਂਸਲ ਨੂੰ ਵੰਡਿਆ ਜਾਂਦਾ ਹੈ।
ਸਿਟੀ ਬਾਰੇ ਜਾਣਕਾਰੀ ਅਤੇ ਏਜੰਡੇ ਅਤੇ ਰਿਪੋਰਟ 'ਤੇ ਸੂਚੀਬੱਧ ਆਈਟਮਾਂ ਬਾਰੇ ਜਾਣਕਾਰੀ ਨੂੰ ਇੱਥੇ ਭੇਜਿਆ ਜਾ ਸਕਦਾ ਹੈ:

ਪਤਾ: ਸਿਟੀ ਕਲਰਕ
ਸਿਟੀ ਆੱਫ ਫ੍ਰੀਮੌਂਟ

3300 ਕੈਪਿਟੋਲ ਐਵਨਿਊ, ਬਿਲਡਿੰਗ A
ਫ੍ਰੀਮੌਂਟ, ਕੈਲੀਫੋਰਨੀਆ, 94538

ਟੈਲੀਫੋਨ: (510) 284-4060

*ਤੁਹਾਡੇ ਸ਼ਹਿਰ ਦੇ ਕੰਮਕਾਜ ਵਿੱਚ ਤੁਹਾਡੀ ਦਿਲਚਸਪੀ ਦੀ ਸਿਫਤ ਕੀਤੀ ਜਾਂਦੀ ਹੈ।*

**ਏਜੰਡਾ**

**ਫ੍ਰੀਮੌਂਟ ਸਿਟੀ ਕੌਂਸਲ ਨਿਯਮਿਤ ਬੈਠਕ**

**ਜੂਨ 13, 2017**

**ਕੌਂਸਲ ਚੈਂਬਰਸ, 3300 ਕੈਪਿਟੋਲ ਐਵਨਿਊ, ਬਿਲਡਿੰਗ A**

**ਸ਼ਾਮ 7:00 ਵਜੇ**

**1.** ਮੁੱਢਲਾ

**A.** ਮੀਟਿੰਗ ਸ਼ੁਰੂ ਕਰਨੀ

**B.** ਝੰਡੇ ਨੂੰ ਸਲਾਮੀ

**C.** ਹਾਜ਼ਰੀ ਲਗਾਉਣੀ

**D.** ਮੇਅਰ/ਸਿਟੀ ਪ੍ਰਬੰਧਕ ਦੁਆਰਾ ਘੋਸ਼ਨਾਵਾਂ

***2.*** ***ਮਨਜ਼ੂਰੀ ਕੈਲੰਡਰ***

*ਸਿਟੀ ਕੌਂਸਲ ਦੁਆਰਾ ਏਜੰਡੇ ਦੀਆਂ ਆਈਟਮਾਂ ਨੂੰ ਰੁਟੀਨ ਦੀਆਂ ਆਈਟਮਾਂ ਮੰਨਿਆ ਜਾ ਸਕਦਾ ਹੈ ਅਤੇ ਇਹਨਾਂ ਨੂੰ ਇੱਕ ਪ੍ਰਸਤਾਵ ਅਤੇ ਇੱਕ ਵੋਟ ਨਾਲ ਅਧਿਨਿਯਮਿਤ ਕੀਤਾ ਜਾਵੇਗਾ। ਇਹਨਾਂ ਮਦਾਂ ਦੀ ਕੋਈ ਵੱਖਰੀ ਚਰਚਾ ਨਹੀਂ ਹੋਵੇਗੀ ਜਦੋਂ ਤੱਕ ਕਿ ਕੋਈ ਕੌਂਸਲ ਮੈਂਬਰ ਜਾਂ ਨਾਗਰਿਕ ਇਸ ਲਈ ਬੇਨਤੀ ਨਹੀਂ ਕਰਦਾ, ਤਾਂ ਇਸ ਸਥਿਤੀ ਵਿੱਚ ਆਈਟਮ ਨੂੰ ਮਨਜ਼ੂਰਸ਼ੁਦਾ ਕੈਲੰਡਰ ਵਿਚੋਂ ਹਟਾ ਦਿੱਤਾ ਜਾਵੇਗਾ ਅਤੇ ਵੱਖਰਿਆਂ ਵਿਚਾਰਿਆ ਜਾਵੇਗਾ। ਇਸ ਦੇ ਨਾਲ ਹੀ, ਵਿਰੋਧ ਵਿਚ "ਨਗਰ ਕੌਂਸਲ ਨੂੰ ਸੰਬੋਧਨ ਕਰਨ ਲਈ ਬੇਨਤੀ" ਬਾਰੇ ਕਾਰਡ ਤੋਂ ਬਿਨ੍ਹਾਂ ਹੋਰ ਆਈਟਮਾਂ ਨੂੰ ਸਹਿਮਤੀ ਕੈਲੰਡਰ ਵਿਚ ਜੋੜਿਆ ਜਾ ਸਕਦਾ ਹੈ। ਸਿਟੀ ਅਟਾਰਨੀ ਅਪਣਾਏ ਜਾਣ ਵਾਲੇ ਨਿਯਮਾਂ ਦਾ ਸਿਰਲੇਖ ਪੜ੍ਹੇਗਾ।*

***A.*** ***ਪ੍ਰਸਤਾਵਿਤ ਨਿਯਮਾਂ ਨੂੰ ਅੱਗੋਂ ਪੜ੍ਹਨ ਤੋਂ ਛੋਟ ਲਈ ਮੋਸ਼ਨ***
*(ਇਸ ਪੂਰੇ ਟੈਕਸਟ ਨੂੰ ਪੜ੍ਹਣ ਦੀ ਬਜਾਇ ਕੇਵਲ ਸਿਰਲੇਖ ਨੂੰ ਪੜ੍ਹਣ ਦੀ ਮਨਜ਼ੂਰੀ ਦਿੰਦਾ ਹੈ।)*

***B.*** ***ਮਿੰਟਸ ਦੀ ਮਨਜ਼ੂਰੀ*** – *ਕੋਈ ਨਹੀਂ।*

***C.*** ***ਸਿਟੀ ਆਫ਼ ਫ੍ਰੀਮੌਂਟ ਵਿੱਚ ਜ਼ਿਲ੍ਹਾ ਅਧਾਰਤ ਵਾਲੀਆਂ ਚੋਣਾਂ ਦੀ ਸਥਾਪਨਾ ਕਰਨ ਲਈ ਅਤੇ ਅਧਿਆਇ 2.05 ਵਿੱਚ ਹੋਰ ਨਿਯਮਾਂ ਦੇ ਅਨੁਪਾਲਨ ਸਬੰਧੀ ਅਤੇ ਤਕਨੀਕੀ ਤਬਦੀਲੀਆਂ ਕਰਨ ਲਈ ਫ੍ਰੀਮੌਂਟ ਨਗਰਪਾਲਿਕਾ ਕੋਡ ਦੇ ਅਧਿਆਇ 2.05 ਵਿੱਚ ਬਦਲਾਅ ਕਰਨ ਵਾਲੇ ਸਿਟੀ ਆਫ਼ ਫ੍ਰੀਮੌਂਟ ਦੇ ਇੱਕ ਔਰਡੀਨੈਂਸ (ordinance) ਦੀ ਦੂਜੀ ਰੀਡਿੰਗ ਅਤੇ ਉਸਨੂੰ ਅਪਨਾਉਣਾ***

*ਸੰਪਰਕ ਲਈ ਵਿਅਕਤੀ:*

| | | |
|---|---|---|
| *ਨਾਮ:* | *ਜੈਸਿਕਾ ਵੋਨ ਬੋਰਕ (Jessica von Borck)* | *ਸੂਜ਼ਨ ਗੌਥੀਅਰ (Susan Gauthier)* |
| *ਪਦਵੀ:* | *ਸਹਾਇਕ ਸਿਟੀ ਪ੍ਰਬੰਧਕ* | *ਸਿਟੀ ਕਲਰਕ* |

| | | |
|---|---|---|
| *ਵਿਭਾਗ:* | *ਸਿਟੀ ਮੈਨੇਜਰ ਦਾ ਦਫਤਰ* | *ਸਿਟੀ ਕਲਰਕ ਦਾ ਦਫਤਰ* |
| *ਫੋਨ:* | *510-248-4008* | *510-284-4076* |
| *ਈ-ਮੇਲ:* | *jvborck@fremont.gov* | *sgauthier@fremont.gov* |

***ਸਿਫਾਰਸ਼:*** *ਅਧਿਆਦੇਸ਼ (ਔਰਡਿਨੈਂਸ) ਨੂੰ ਅਪਨਾਉਣਾ*

***D.*** ***ਸ਼ਹਿਰ ਦੇ ਨੈਟਵਰਕ ਉਪਕਰਣਾਂ ਲਈ ਅਪਗ੍ਰੇਡ - $222,725 ਡਾਲਰ ਦੀ ਰਾਸ਼ੀ ਵਿੱਚ ਆਈਟੀ ਮੈਨੇਜਮੈਂਟ ਕਾਰਪੋਰੇਸ਼ਨ ਤੋਂ ਸਬੰਧਤ ਹਾਰਡਵੇਅਰ ਸਪੋਰਟ ਨਾਲ ਸਿਸਕੋ ਨੈਟਵਰਕ ਉਪਕਰਣ ਦੀ ਖਰੀਦ ਲਈ ਇੱਕ ਖਰੀਦ ਆਰਡਰ ਜਾਰੀ ਕਰਨ ਲਈ ਸਿਟੀ ਪ੍ਰਬੰਧਕ ਜਾਂ ਉਸ ਦੇ ਨੁਮਾਇੰਦੇ ਨੂੰ ਅਧਿਕਾਰਤ ਕਰਨਾ।***

*ਸੰਪਰਕ ਲਈ ਵਿਅਕਤੀ:*

| | |
|---|---|
| *ਨਾਮ:* | *ਮੈਰਿਲਿਨ ਜੇ. ਕਰੇਨ (Marilyn J. Crane)* |
| *ਸਿਰਲੇਖ:* | *ਨਿਦੇਸ਼ਕ* |
| *ਵਿਭਾਗ:* | *ਸੂਚਨਾ ਤਕਨਾਲੋਜੀ ਸੇਵਾਵਾਂ* |
| *ਫੋਨ:* | *510-494-4802* |
| *ਈ-ਮੇਲ:* | *mcrane@fremont.gov* |

***ਸਿਫਾਰਸ਼:*** *$222,725 ਡਾਲਰ ਦੀ ਰਾਸ਼ੀ (ਲਾਗੂ ਹੋਣ ਵਾਲੇ ਵਿਕਰੀ ਟੈਕਸ ਸਮੇਤ) ਵਿੱਚ ਆਈਟੀ ਮੈਨੇਜਮੈਂਟ ਕਾਰਪੋਰੇਸ਼ਨ ਤੋਂ ਸਿਸਕੋ ਉਪਕਰਣ ਅਤੇ ਤਿੰਨ ਸਾਲਾਂ ਲਈ ਸਪੋਰਟ ਦੀ ਖਰੀਦ ਲਈ ਇੱਕ ਖਰੀਦ ਆਰਡਰ ਜਾਰੀ ਕਰਨ ਲਈ ਅਤੇ ਲਾਗੂ ਹੋਣ ਵਾਲੇ ਕਿਸੇ ਦਸਤਾਵੇਜ਼ੀਕਰਨ ਦੇ ਨਿਸ਼ਪਾਦਨ ਕਰਨ ਲਈ ਅਤੇ ਲੋੜ ਮੁਤਾਬਕ ਕੋਈ ਲਾਗੂ ਹੋਣ ਵਾਲੀਆਂ ਕਾਰਵਾਈਆਂ ਲੈਣ ਲਈ ਸਿਟੀ ਪ੍ਰਬੰਧਕ ਜਾਂ ਉਸ ਦੇ ਨੁਮਾਇੰਦੇ ਨੂੰ ਅਧਿਕਾਰਤ ਕਰਨਾ।*

***E.*** ***ਗ੍ਰੀਨ ਇੰਫ੍ਰਾਸਟ੍ਰਕਚਰ ਪਲਾਨ ਫ੍ਰੇਮਵਰਕ - ਗ੍ਰੀਨ ਇੰਫ੍ਰਾਸਟ੍ਰਕਚਰ ਪਲਾਨ ਫ੍ਰੇਮਵਰਕ ਲਈ ਖੇਤਰੀ ਟੈਂਪਲੇਟ ਦੀ ਵਰਤੋਂ ਨੂੰ ਮਨਜ਼ੂਰੀ ਦਿਓ ਜੋ ਨਗਰਪਾਲਿਕਾ ਖੇਤਰੀ ਬਾੜ੍ਹ ਦੇ ਪਾਣੀ ਦੇ ਪਰਮਿਟ ਦੁਆਰਾ ਜ਼ਰੂਰੀ ਹੈ***

*ਸੰਪਰਕ ਲਈ ਵਿਅਕਤੀ:*

| | | |
|---|---|---|
| *ਨਾਮ:* | *ਡੇਵਿਡ ਸਵਾਰ੍ਹਜ਼ (David Swartz)* | *ਕੈਥਲੀਨ ਕੋਟੇ-ਗੁਆਰ੍ਨਿਅਰੀ (Kathleen Cote-Guarnieri)* |
| *ਸਿਰਲੇਖ:* | *ਵਾਤਾਵਰਨ ਮਾਹਿਰ II* | *ਵਾਤਾਵਰਨ ਸਬੰਧੀ ਸੇਵਾ ਮੈਨੇਜਰ* |
| *ਵਿਭਾਗ:* | *ਵਾਤਾਵਰਨ ਸਬੰਧੀ ਸੇਵਾਵਾਂ* | *ਸਾਮੁਦਾਇਕ ਸੇਵਾਵਾਂ* |
| *ਫੋਨ:* | *510-494-4587* | *510-494-4583* |
| *ਈ-ਮੇਲ:* | *dswartz@fremont.gov* | *kcote@fremont.gov* |

***ਸਿਫਾਰਸ਼:*** *ਸਟਾਫ਼ ਸਿਫਾਰਸ਼ ਕਰਦਾ ਹੈ ਕਿ ਸਿਟੀ ਕੌਂਸਲ ਸਿਟੀ ਆਫ਼ ਫ੍ਰੀਮੌਂਟ ਗ੍ਰੀਨ ਇੰਫ੍ਰਾਸਟ੍ਰਕਚਰ ਪਲਾਨ ਫ੍ਰੇਮਵਰਕ ਨੂੰ ਅਪਨਾਉਣ ਵਾਲੇ ਇੱਕ ਸੰਕਲਪ (ਰੈਜ਼ੋਲੂਸ਼ਨ) ਨੂੰ ਮਨਜ਼ੂਰ ਕਰੇ ਜਿਵੇਂ ਕਿ ਸਟਾਫ਼ ਰਿਪੋਰਟ ਵਿੱਚ ਵੇਰਵਾ ਦਿੱਤਾ ਗਿਆ ਹੈ।*

***F.*** ***ਏਰੀਅਲ ਬਕੇਟ ਟਰੱਕ ਦੀ ਖਰੀਦ - ਇੱਕ ਐਲਟੈਕ AT37G ਏਰੀਅਲ ਬਕੇਟ ਟਰੱਕ ਦੀ ਖਰੀਦ ਲਈ ਐਲਟੈਕ ਇੰਡਸਟਰੀਜ਼ ਦੇ ਨਾਲ ਖਰੀਦ ਆਰਡਰ ਇਕਰਾਰਨਾਮੇ ਦੀ ਪ੍ਰਵਾਨਗੀ ਜਿਸ ਦੀ ਰਾਸ਼ੀ $119,718 ਤੋਂ ਜਿਆਦਾ ਨਹੀਂ***

***ਹੋਏਗੀ। ਦਿਸ਼ਾ ਨਿਰਦੇਸ਼ 15061 ਦੇ ਤਹਿਤ CEQA ਸਮੀਖਿਆ ਤੋਂ ਛੋਟ।***

*ਸੰਪਰਕ ਲਈ ਵਿਅਕਤੀ:*

| | | |
|---|---|---|
| *ਨਾਮ:* | *ਮਾਰਕ ਕੋਲਿੰਸ (Mark Collins)* | *ਹਾਂਸ ਲਾਰਸਨ (Hans Larsen)* |
| *ਸਿਰਲੇਖ:* | *ਫਲੀਟ ਰੱਖ-ਰਖਾਅ ਪ੍ਰਬੰਧਕ* | *ਜਨਤਕ ਕਾਰਜ ਨਿਰਦੇਸ਼ਕ* |
| *ਵਿਭਾਗ:* | *ਰੱਖ-ਰਖਾਅ* | *ਜਨਤਕ ਕਾਰਜ* |
| *ਫੋਨ:* | *510-979-5739* | *510-494-4722* |
| *ਈ-ਮੇਲ:* | *mcollins@fremont.gov* | *hlarsen@fremont.gov* |

***ਸਿਫਾਰਸ਼:*** *ਇੱਕ ਐਲਟੇਕ AT37G ਏਰੀਅਲ ਬਕੇੱਟ ਟਰੱਕ ਦੀ ਖਰੀਦ ਲਈ $119,718 ਤੋਂ ਘੱਟ ਰਾਸ਼ੀ ਵਿੱਚ ਐਲਟੇਕ ਇੰਡਸਟ੍ਰੀਜ਼ ਦੇ ਨਾਲ ਇੱਕ ਖਰੀਦ ਆਰਡਰ ਸਮਝੌਤੇ ਨੂੰ ਨੇਪਰੇ ਚਾੜ੍ਹਣ ਲਈ ਸਿਟੀ ਮੈਨੇਜਰ ਜਾਂ ਮਨੋਨੀਤ ਵਿਅਕਤੀ ਨੂੰ ਅਧਿਕਾਰਤ ਕਰਨਾ।*

**G.** ***ਈਸਟ ਬੇਅ ਖੇਤਰੀ ਕਮਿਊਨੀਕੇਸ਼ਨਸ ਸਿਸਟਮ ਅਥਾਰਟੀ (EBRCSA) ਰੇਡੀਓ ਸਰਵਿਸਿਜ਼ - EBRCSA ਪਬਲਿਕ ਸੇਫਟੀ ਰੇਡੀਓ ਕਮਿਊਨੀਕੇਸ਼ਨਸ ਸਿਸਟਮ ਦੀ ਵਰਤੋਂ ਲਈ $273,000 ਦੀ ਰਕਮ ਵਿੱਚ ਮਾਲੀ ਸਾਲ 2017/18 ਸਾਲਾਨਾ ਓਪਰੇਟਿੰਗ ਭੁਗਤਾਨ ਲਈ ਖਰੀਦ ਆਦੇਸ਼ ਜਾਰੀ ਕਰਨ ਅਤੇ ਲਾਗੂ ਕਰਨ ਲਈ ਸਿਟੀ ਮੈਨੇਜਰ, ਜਾਂ ਮਨੋਨੀਤ ਵਿਅਕਤੀ ਨੂੰ ਅਧਿਕਾਰਤ ਕਰਨਾ।***

*ਸੰਪਰਕ ਲਈ ਵਿਅਕਤੀ:*

| | |
|---|---|
| *ਨਾਮ:* | *ਮੈਰਿਲਿਨ ਜੇ. ਕਰੇਨ (Marilyn J. Crane)* |
| *ਸਿਰਲੇਖ:* | *ਨਿਦੇਸ਼ਕ* |
| *ਵਿਭਾਗ:* | *ਸੂਚਨਾ ਤਕਨਾਲੋਜੀ ਸੇਵਾਵਾਂ* |
| *ਫੋਨ:* | *510-494-4802* |
| *ਈ-ਮੇਲ:* | *mcrane@fremont.gov* |

***ਸਿਫ਼ਾਰਸ਼ਾਂ:***

1. *ਈਸਟ ਬੇਅ ਰਿਜਨਲ ਕਮਿਊਨੀਕੇਸ਼ਨਸ ਸਿਸਟਮ ਅਥਾਰਟੀ (EBRCSA) ਨੂੰ ਇੱਕ ਸਾਲ ਦੀ ਮਿਆਦ ਲਈ, ਜੋ 1 ਜੁਲਾਈ, 2017 ਤੋਂ 30 ਜੂਨ, 2018 ਤੱਕ ਪ੍ਰਭਾਵਸ਼ਾਲੀ ਹੈ, $273,000 ਦੀ ਰਕਮ ਵਿੱਚ ਇੱਕ ਖਰੀਦ ਆਰਡਰ ਜਾਰੀ ਕਰਨ ਲਈ ਅਤੇ EBRCSA ਜਨਤਕ ਸੁਰੱਖਿਆ ਰੇਡੀਓ ਸੰਚਾਰ ਪ੍ਰਣਾਲੀ ਦੀ ਵਰਤੋਂ ਲਈ ਸਾਲਾਨਾ ਔਪਰੇਟਿੰਗ ਭੁਗਤਾਨ ਲਈ ਲਾਗੂ ਕਰਨ ਵਾਲੇ ਦਸਤਾਵੇਜ਼ਾਂ ਦੇ ਨਿਸ਼ਪਾਦਨ ਲਈ ਸਿਟੀ ਮੈਨੇਜਰ ਜਾਂ ਉਸ ਦੇ ਨੁਮਾਇੰਦੇ ਨੂੰ ਅਧਿਕਾਰਤ ਕਰਨਾ।*
2. *ਦੋ ਇੱਕ ਸਾਲ ਦੀ ਮਿਆਦ ਲਈ, ਈਸਟ ਬੇਅ ਰਿਜਨਲ ਕਮਿਊਨੀਕੇਸ਼ਨਸ ਸਿਸਟਮ ਅਥਾਰਟੀ ਨਾਲ ਪਿਛਲੇ ਸਾਲ ਦੀਆਂ ਲਾਗਤਾਂ ਵਿੱਚ ਇੱਕ ਪੰਜ ਪ੍ਰਤੀਸ਼ਤ (5%) ਵਾਧਾ ਨਾ ਕਰਨ ਵਾਲੀ ਰਕਮ ਵਿੱਚ ਸਾਲਾਨਾ ਔਪਰੇਟਿੰਗ ਭੁਗਤਾਨਾਂ ਦੇ ਨਵੀਨੀਕਰਨ ਲਈ ਸਿਟੀ ਮੈਨੇਜਰ ਜਾਂ ਉਸ ਦੇ ਨੁਮਾਇੰਦੇ ਨੂੰ ਅਧਿਕਾਰਤ ਕਰਨਾ।*

**H.** ***ਪੇਗ ਪਹੁੰਚ ਉਤਪਾਦਨ ਅਤੇ ਪ੍ਰੋਗ੍ਰਾਮਿੰਗ ਲਈ ਚਾਬੋਟ-ਲਾਸ ਪੋਜਿਟਸ ਕਮਯੂਨਿਟੀ ਕਾਲੇਜ ਜ਼ਿਲ੍ਹਾ ਇਕਰਾਰਨਾਮਾ - ਸਿਟੀ ਮੈਨੇਜਰ ਜਾਂ ਉਸ ਦੇ ਨੁਮਾਇੰਦੇ ਨੂੰ ਪੇਗ ਪਹੁੰਚ ਉਤਪਾਦਨ ਅਤੇ ਪ੍ਰੋਗ੍ਰਾਮਿੰਗ ਲਈ ਤਿੰਨ ਸਾਲਾਂ ਲਈ $150,000 ਪ੍ਰਤੀ ਸਾਲ ਦੀ ਰਾਸ਼ੀ ਵਿੱਚ ਚਾਬੋਟ-ਲਾਸ ਪੋਜਿਟਸ ਕਮਯੂਨਿਟੀ ਕਾਲੇਜ ਜ਼ਿਲ੍ਹੇ ਨਾਲ ਇਕਰਾਰਨਾਮਾ ਕਰਨ ਲਈ ਅਧਿਕਾਰਤ ਕਰਨਾ***

*ਸੰਪਰਕ ਲਈ ਵਿਅਕਤੀ:*

| | | |
|---|---|---|
| *ਨਾਮ:* | *ਕਰੀਨਾ ਸ਼ੈਕਲਫੋਰਡ (Karena Shackelford)* | *ਮੈਰਿਲਿਨ ਜੇ. ਕਰੇਨ (Marilyn J. Crane)* |
| *ਸਿਰਲੇਖ:* | *ਉਪ ਸਿਟੀ ਪ੍ਰਬੰਧਕ* | *ਨਿਦੇਸ਼ਕ* |
| *ਵਿਭਾਗ:* | *ਸਿਟੀ ਮੈਨੇਜਰ ਦਾ ਦਫਤਰ* | *ਸੂਚਨਾ ਤਕਨਾਲੋਜੀ ਸੇਵਾਵਾਂ* |
| *ਫੋਨ:* | *510-284-4063* | *510-494-4802* |
| *ਈ-ਮੇਲ:* | *kshackelford@fremont.gov* | *mcrane@fremont.gov* |

***ਸਿਫ਼ਾਰਸ਼ਾਂ:***

1. *$450,000 ਦੀ ਰਕਮ ਵਿੱਚ ਫੰਡਾਂ ਨੂੰ 502PWC8857 ਵਿੱਚ ਟ੍ਰਾਂਸਫਰ ਕਰਨਾ।*
2. *ਸਿਟੀ ਮੈਨੇਜਰ ਜਾਂ ਉਸ ਦੇ ਨੁਮਾਇੰਦੇ ਨੂੰ ਪੇਗ ਪਹੁੰਚ ਉਤਪਾਦਨ ਅਤੇ ਪ੍ਰੋਗ੍ਰਾਮਿੰਗ ਲਈ 30 ਜੂਨ 2018 ਤੱਕ ਸ਼ੁਰੂਆਤੀ ਬਾਰ੍ਹਾਂ ਮਹੀਨਿਆਂ ਦੀ ਮਿਆਦ ਲਈ $150,000 ਦੀ ਰਕਮ ਵਿੱਚ, ਅਤੇ ਕੁੱਲ ਇਕਰਾਰਨਾਮੇ ਲਈ $450,000 ਦੀ ਰਕਮ ਦੇ ਨਾਲ, ਦੋ ਹੋਰ ਇੱਕ ਸਾਲ ਦੇ ਅਰਸੇ ਲਈ ਨਵਿਆਉਣ ਦੇ ਵਿਕਲਪ ਦੇ ਨਾਲ ਚਾਬੋਟ-ਲਾਸ ਪੋਜ਼ਿਟਸ ਕਮਯੂਨਿਟੀ ਕਾਲੇਜ ਜ਼ਿਲ੍ਹੇ ਨਾਲ ਇਕਰਾਰਨਾਮਾ ਕਰਨ ਲਈ ਅਧਿਕਾਰਤ ਕਰਨਾ।*

***I. ਟ੍ਰੈਕਟ 8288 - ਫਾਈਨਲ ਨਕਸ਼ੇ ਦੀ ਮਨਜ਼ੂਰੀ, ਜਨਤਕ ਸੜਕ ਸੁਧਾਰਾਂ ਦੇ ਨਿਰਮਾਣ ਅਤੇ ਨਿੱਜੀ ਆਮ ਖੇਤਰਾਂ ਦੇ ਸੁਧਾਰ ਲਈ, ਅਤੇ ਜ਼ਮੀਨ ਦੇ ਸਮਰਪਣ ਅਤੇ ਟ੍ਰੈਕਟ 8288 ਦੇ ਪਬਲਿਕ ਸੁਵਿਧਾਵਾਂ ਦੇ ਨਿਰਮਾਣ ਲਈ ਸਮਝੌਤੇ ਦੀ ਪ੍ਰਵਾਨਗੀ, ਜੋ ਅਰਡਨਵੁਡ ਬੂਲੇਵਾਰਡ ਅਤੇ ਪਾਸਿਓ ਪਾਦਰੇ ਪਾਰਕਵੇ (ਪੈਟਰਸਨ ਰੈਂਚ) ਦੇ ਨਾਰਥਈਸਟ ਕ੍ਵਾਡਰੰਟ ਤੇ ਸਥਿਤ ਹੈ।***

*ਸੰਪਰਕ ਲਈ ਵਿਅਕਤੀ:*

| | | |
|---|---|---|
| *ਨਾਮ:* | *ਕੈਨ ਜ਼ੂ (Kan Xu)* | *ਹੈਂਸ ਲਾਰਸਨ (Hans Larsen)* |
| *ਸਿਰਲੇਖ:* | *ਐਸੋਸ਼ਿਏਟ ਸਿਵਲ ਇੰਜੀਨੀਅਰ* | *ਜਨਤਕ ਕਾਰਜ ਨਿਰਦੇਸ਼ਕ* |
| *ਵਿਭਾਗ:* | *ਜਨਤਕ ਕਾਰਜ* | *ਜਨਤਕ ਕਾਰਜ* |
| *ਫੋਨ:* | *510-494-4714* | *510-494-4722* |
| *ਈ-ਮੇਲ:* | *kxu@fremont.gov* | *hlarsen@fremont.gov* |

***ਸਿਫਾਰਸ਼:*** *ਹੇਠਾਂ ਲਈ ਇੱਕ ਸੰਕਲਪ (ਰੈਜ਼ੋਲੂਸ਼ਨ) ਅਪਨਾਉਣਾ:*

1. *ਫਾਈਨਲ ਨਕਸ਼ੇ ਨੂੰ ਅਤੇ ਟ੍ਰੈਕਟ 8288 ਲਈ ਸੁਧਾਰ ਯੋਜਨਾਵਾਂ ਨੂੰ ਮਨਜ਼ੂਰੀ ਦੇਣਾ।*
2. *"ਜਨਤਕ ਸੁਧਾਰ ਇਕਰਾਰਨਾਮਾ, ਟ੍ਰੈਕਟ 8288" ਨਾਮਿਤ ਜਨਤਕ ਸੁਧਾਰਾਂ ਲਈ ਡਿਵੈਲਪਰ, ਫ੍ਰੀਮੌਂਟ ਪੈਟ ਰੈਂਚ ਐਲਐਲਸੀ ਨਾਲ ਇਕਰਾਰਨਾਮੇ ਨੂੰ ਮਨਜ਼ੂਰੀ ਦੇਣਾ ਅਤੇ ਸਿਟੀ ਮੈਨੇਜਰ ਨੂੰ ਸਿਟੀ ਵਲੋਂ ਇਸ ਇਕਰਾਰਨਾਮੇ ਨੂੰ ਚਲਾਉਣ ਲਈ ਅਧਿਕਾਰ ਦੇਣਾ।*
3. *"ਨਿੱਜੀ ਸੁਧਾਰ ਇਕਰਾਰਨਾਮਾ, ਟ੍ਰੈਕਟ 8288" ਨਾਮਿਤ ਨਿੱਜੀ ਸੁਧਾਰਾਂ ਲਈ ਡਿਵੇਲਪਰ, ਫ੍ਰੀਮੌਂਟ ਪੈਟ ਰੈਂਚ ਐਲਐਲਸੀ ਨਾਲ ਇਕਰਾਰਨਾਮੇ ਨੂੰ ਮਨਜ਼ੂਰੀ ਦੇਣਾ ਅਤੇ ਸਿਟੀ ਮੈਨੇਜਰ ਨੂੰ ਸਿਟੀ ਵਲੋਂ ਇਸ ਇਕਰਾਰਨਾਮੇ ਨੂੰ ਚਲਾਉਣ ਲਈ ਅਧਿਕਾਰ ਦੇਣਾ।*
4. *ਜਿਵੇਂ ਕਿ ਫਾਈਨਲ ਨਕਸ਼ੇ ਵਿੱਚ ਪਛਾਣ ਕੀਤੀ ਗਈ ਹੈ, ਅਸਲ ਜਾਇਦਾਦ ਹਿੱਤਾਂ ਦੇ ਸਮਰਪਣ ਦੀ ਡਿਵੈਲਪਰ ਦੀ ਪੇਸ਼ਕਸ਼ ਨੂੰ ਮਨਜ਼ੂਰ ਕਰਨਾ, ਬਸ਼ਰਤੇ ਕਿ ਕਿਸੇ ਵੀ ਜਾਇਦਾਦ ਦੀ ਪ੍ਰਵਾਨਗੀ ਜਿਸਤੇ ਡਿਵੈਲਪਰ ਨੂੰ ਜਨਤਕ ਸੁਧਾਰਾਂ ਦਾ ਨਿਰਮਾਣ ਕਰਨ ਦੀ ਜ਼ਰੂਰਤ ਹੈ, ਸਿਟੀ ਇੰਜੀਨੀਅਰ ਦੀ ਸੰਤੁਸ਼ਟੀ ਦੇ ਅਨੁਸਾਰ ਡਿਵੈਲਪਰ ਦੇ ਸੰਪੂਰਨਤਾ ਨਾਲ*

*ਪੂਰਾ ਕਰਨ ਦੀ ਸ਼ਰਤ ਰੱਖੀ ਜਾਣੀ ਚਾਹੀਦੀ ਹੈ।*

**J.** ***ਡੇਲਟਾ ਸਾਇੰਟਿਫਿਕ ਇੰਕ ਨਾਲ 12 ਪੋਰਟੇਬਲ 20-ਫੀਟ ਵਾਲੇ ਵਾਹਨ ਬੈਰੀਕੇਡਜ਼ (PWC 8520) ਖਰੀਦਣ ਲਈ ਖਰੀਦ ਦਾ ਇਕਰਾਰਨਾਮਾ - ਡੇਲਟਾ ਸਾਇੰਟਿਫਿਕ ਇੰਕ ਤੋਂ 12 ਪੋਰਟੇਬਲ 20-ਫੀਟ ਵਾਲੇ ਵਾਹਨ ਬੈਰੀਕੇਡਜ਼ ਖਰੀਦਣ ਲਈ PWC 8520 ਤੋਂ $5,43,330.20 ਨਿਰਧਾਰਤ ਅਤੇ ਜਾਰੀ ਕਰਨਾ।***

*ਸੰਪਰਕ ਲਈ ਵਿਅਕਤੀ:*

| | | |
|---|---|---|
| *ਨਾਮ:* | *ਕਲਿਫ਼ ਨਾਗੁਏਨ (Cliff Nguyen)* | *ਰਿਚਰਡ ਲੁਸੇਰੋ (Richard Lucero)* |
| *ਸਿਰਲੇਖ:* | *ਸ਼ਹਿਰੀ ਯਤਨ ਮੈਨੇਜਰ* | *ਪੁਲਿਸ ਮੁਖੀ* |
| *ਵਿਭਾਗ:* | *ਸਿਟੀ ਮੈਨੇਜਰ ਦਾ ਦਫਤਰ* | *ਪੁਲਿਸ ਵਿਭਾਗ* |
| *ਫ਼ੋਨ:* | *510-284-4017* | *510-790-6818* |
| *ਈ-ਮੇਲ:* | *cnguyen@fremont.gov* | *rlucero@fremont.gov* |

***ਸਿਫ਼ਾਰਸ਼ਾਂ:***

1. *PWC 8520 (ਡਾਉਨਟਾਉਨ ਫੰਡ) ਤੋਂ ਡੇਲਟਾ ਸਾਇੰਟਿਫਿਕ ਇੰਕ ਤੋਂ ਬਾਰ੍ਹਾਂ (12) ਪੋਰਟੇਬਲ 20-ਫੀਟ ਵਾਲੇ ਬੈਰੀਕੇਡਜ਼ ਖਰੀਦਣ ਨੂੰ ਅਧਿਕਾਰਤ ਕਰਨਾ ਜਿਨ੍ਹਾਂ ਦੀ ਕੁਲ ਰਕਮ $543,330.20 ਹੋਵੇਗੀ।*
2. *ਇੱਕ ਵਿਆਪਕ, ਸਥਾਈ ਡਾਉਨਟਾਉਨ ਬੈਰੀਕੇਡਿੰਗ ਯੋਜਨਾ ਲਈ ਸਿਫਾਰਸ਼ਾ ਕਰਨ ਲਈ ਇੱਕ ਸੰਭਾਵਨਾ ਅਧਿਐਨ ਸ਼ੁਰੂ ਕਰਨ ਲਈ ਸਟਾਫ਼ ਨੂੰ ਨਿਰਦੇਸ਼ਿਤ ਕਰਨਾ।*

## 3. ਰਸਮੀ ਆਈਟਮਾਂ – ਕੋਈ ਨਹੀਂ।

## 4. ਜਨਤਕ ਸੰਚਾਰ

**A.** ਮੌਖਿਕ ਅਤੇ ਲਿਖਤੀ ਸੰਚਾਰ

## ਓਦਯੋਗਿਕ ਵਿਕਾਸ ਅਥਾਰਿਟੀ – ਕੋਈ ਨਹੀਂ।

## ਜਨਤਕ ਵਿੱਤ ਅਥਾਰਿਟੀ – ਕੋਈ ਨਹੀਂ।

## ਮਨਜ਼ੂਰੀਸ਼ੁਦਾ ਕੈਲੰਡਰ ਤੋਂ ਹਟਾਈਆਂ ਗਈਆਂ ਆਈਟਮਾਂ ਬਾਰੇ ਵਿਚਾਰ

## 5. ਸੂਚੀਬੱਧ ਮੁੱਦੇ

**A.** ਫ੍ਰੀਮੌਂਟ ਲੈਂਡਸਕੈਪਿੰਗ ਮੁਲਾਂਕਣ ਜ਼ਿਲ੍ਹਾ **88 -** ਜਨਤਕ ਸੁਣਵਾਈ **(**ਪ੍ਰਕਾਸ਼ਿਤ ਅਤੇ ਪੋਸਟ ਕੀਤਾ ਨੋਟਿਸ**)** ਲੈਂਡਸਕੈਪਿੰਗ ਮੁਲਾਂਕਣ ਜ਼ਿਲ੍ਹਾ **88** ਲਈ ਸਾਲਾਨਾ ਮੁਲਾਂਕਣ ਤੈਅ ਕਰਨ ਬਾਰੇ ਅਤੇ ਮਾਲੀ ਸਾਲ **2017/2018** ਲਈ ਜ਼ਿਲ੍ਹਾ **88** ਦੇ ਡਾਇਗ੍ਰਾਮਜ਼ ਅਤੇ ਅਸੈਸਮੈਂਟ ਦੀ ਪੁਸ਼ਟੀ ਕਰਨ ਵਾਲੇ ਅਨੁਸੰਧਾਨ ਨੂੰ ਅਪਣਾਉਣਾ

ਸੰਪਰਕ ਲਈ ਵਿਅਕਤੀ:

| | |
|---|---|
| ਨਾਮ: | ਸੁਜ਼ੈਨ ਵੁਲਫ਼ (Suzanne Wolf) |
| ਸਿਰਲੇਖ: | ਸਾਮੁਦਾਇਕ ਸੇਵਾ ਨਿਦੇਸ਼ਕ |
| ਵਿਭਾਗ: | ਪਾਰਕ |
| ਫੋਨ: | 510-494-4329 |
| ਈ-ਮੇਲ: | swolf@fremont.gov |

ਸਿਫ਼ਾਰਸ਼ਾਂ**:**

1. ਜਨਤਕ ਸੁਣਵਾਈ ਸ਼ੁਰੂ ਕਰਨਾ।
2. ਸਾਰੇ ਮੌਖਕ ਕਥਨਾਂ ਅਤੇ ਲਿਖਤ ਵਿਰੋਧਾਂ ਤੇ ਵਿਚਾਰ ਕਰਨਾ।
3. ਜਨਤਕ ਸੁਣਵਾਈ ਬੰਦ ਕਰਨਾ।
4. ਫ੍ਰੀਮੌਂਟ ਲੈਂਡਸਕੈਪਿੰਗ ਮੁਲਾਂਕਣ ਜ਼ਿਲ੍ਹਾ 88 ਲਈ ਮਾਲੀ ਸਾਲ 2017/18 ਲਈ ਡਾਇਗ੍ਰਾਮਸ ਅਤੇ ਮੁਲਾਂਕਣਾਂ ਦੀ ਪੁਸ਼ਟੀ ਕਰਨ ਵਾਲੇ ਇੱਕ ਪ੍ਰਸਤਾਵ ਨੂੰ ਅਪਨਾਉਣ ਦੁਆਰਾ ਪ੍ਰਸਤਾਵਿਤ ਮੁਲਾਂਕਣ ਨੂੰ ਤੈਅ ਕਰੋ।

**B.** ਦੂਜੀ ਜਨਤਕ ਸੁਣਵਾਈ ਅਤੇ ਵਿੱਤੀ ਸਾਲ **2017/18** ਦੇ ਆਪਰੇਟਿੰਗ ਬਜਟ ਅਤੇ ਐਪ੍ਰੋਪ੍ਰਿਏਸ਼ਨ **(**ਵਿਨਿਯੋਜਨ**)** ਸੀਮਾ ਨੂੰ ਅਪਨਾਉਣਾ **-** ਦੂਜੀ ਜਨਤਕ ਸੁਣਵਾਈ **(**ਨੋਟਿਸ ਪ੍ਰਕਾਸ਼ਿਤ ਕੀਤਾ ਗਿਆ**)** ਅਤੇ ਵਿੱਤੀ ਸਾਲ **2017/18** ਦੇ ਆਪਰੇਟਿੰਗ ਬਜਟ ਅਤੇ ਐਪ੍ਰੋਪ੍ਰਿਏਸ਼ਨ **(**ਵਿਨਿਯੋਜਨ**)** ਸੀਮਾ ਨੂੰ ਅਪਨਾਉਣਾ

ਸੰਪਰਕ ਲਈ ਵਿਅਕਤੀ:

| | | |
|---|---|---|
| ਨਾਮ: | ਮਾਇਕ ਸੰਗ (Mike Sung) | ਡੇਵਿਡ ਪਰਸਸੇਲਿਨ (David Persselin) |
| ਸਿਰਲੇਖ: | ਡਿਪਟੀ ਵਿੱਤ ਨਿਰਦੇਸ਼ਕ | ਵਿੱਤ ਨਿਰਦੇਸ਼ਕ |
| ਵਿਭਾਗ: | ਵਿੱਤ ਵਿਭਾਗ | ਵਿੱਤ ਵਿਭਾਗ |
| ਫੋਨ: | 510-494-4608 | 510-494-4631 |
| ਈ-ਮੇਲ: | msung@fremont.gov | dpersselin@fremont.gov |

ਸਿਫ਼ਾਰਸ਼ਾਂ**:**

1. ਮਾਲੀ ਸਾਲ 2017/18 ਲਈ ਆਪਰੇਟਿੰਗ ਬਜਟ ਅਤੇ ਐਪ੍ਰੋਪ੍ਰਿਏਸ਼ਨ (ਵਿਨਿਯੋਜਨ) ਸੀਮਾ ਬਾਰੇ ਇੱਕ ਜਨਤਕ ਸੁਣਵਾਈ ਕਰਵਾਉਣਾ।
2. ਸਿਟੀ ਆਫ਼ ਫ੍ਰੀਮੌਂਟ ਮਾਲੀ ਸਾਲ 2017/18 ਦੇ ਆਪਰੇਟਿੰਗ ਬਜਟ ਨੂੰ ਅਨੁਮੋਦਿਤ ਕਰਨ ਵਾਲੇ ਇੱਕ ਪ੍ਰਸਤਾਵ (ਰੈਜ਼ੋਲੂਸ਼ਨ) ਨੂੰ ਅਪਨਾਉਣਾ।
3. ਮਾਲੀ ਸਾਲ 2017/18 ਲਈ $675,413,206 ਦੀ ਇੱਕ ਐਪ੍ਰੋਪ੍ਰਿਏਸ਼ਨ (ਵਿਨਿਯੋਜਨ) ਸੀਮਾ ਬਣਾਉਣ ਵਾਲੇ ਇੱਕ ਪ੍ਰਸਤਾਵ (ਰੈਜ਼ੋਲੂਸ਼ਨ) ਨੂੰ ਅਪਨਾਉਣਾ।

**C.** ਪੂੰਜੀ ਸੁਧਾਰ ਪ੍ਰੋਗਰਾਮ **-** ਦੂਜੀ ਜਨਤਕ ਸੁਣਵਾਈ **(**ਪ੍ਰਕਾਸ਼ਿਤ ਸੂਚਨਾ**)** ਅਤੇ ਵਿੱਤੀ ਸਾਲ **2017/18 - 2021/22** ਪੂੰਜੀ ਸੁਧਾਰ ਪ੍ਰੋਗਰਾਮ **(CIP)** ਨੂੰ ਅਪਨਾਉਣ ਬਾਰੇ ਵਿਚਾਰ ਕਰਨਾ

ਸੰਪਰਕ ਲਈ ਵਿਅਕਤੀ:

| | | |
|---|---|---|
| ਨਾਮ: | ਮਿਸ਼ੇਲ ਸਿਲਵਾ-ਸਲੀਨਾਸ (Michelle Silva-Salinas) | ਹੈਂਸ ਲਾਰਸਨ (Hans Larsen) |
| ਸਿਰਲੇਖ: | ਕਾਰੋਬਾਰ ਪ੍ਰਬੰਧਕ | ਜਨਤਕ ਕਾਰਜ ਨਿਰਦੇਸ਼ਕ |
| ਵਿਭਾਗ: | ਜਨਤਕ ਕਾਰਜ | ਜਨਤਕ ਕਾਰਜ |
| ਫੋਨ: | 510-979-5705 | 510-494-4722 |
| ਈ-ਮੇਲ: | msilva-salinas@fremont.gov | hlarsen@fremont.gov |

ਸਿਫ਼ਾਰਸ਼ਾਂ:

1. ਮਾਲੀ ਸਾਲ 2017/18 ਤੋਂ 2021-22 ਦੇ ਪੰਜ ਸਾਲਾਂ ਦੇ ਕੈਪਿਟਲ ਸੁਧਾਰ ਪੋਗਰਾਮ ਬਾਰੇ ਇੱਕ ਜਨਤਕ ਸੁਣਵਾਈ ਕਰਵਾਉਣਾ।
2. 1 ਜੁਲਾਈ 2017 ਨੂੰ ਪਰਭਾਵੀ ਹੋਣ ਵਾਲੇ ਮਾਲੀ ਸਾਲ 2017/18 ਲਈ ਐਪ੍ਰੋਪ੍ਰਿਏਸ਼ਨ (ਵਿਨਿਯੋਜਨ) ਅਤੇ 1 ਜੁਲਾਈ 2018 ਨੂੰ ਪਰਭਾਵੀ ਹੋਣ ਵਾਲੇ ਮਾਲੀ ਸਾਲ 2018/19 ਲਈ ਐਪ੍ਰੋਪ੍ਰਿਏਸ਼ਨ (ਵਿਨਿਯੋਜਨ) ਨਾਲ, ਫੰਡ ਸਰੋਤ ਵਿੱਚ ਫੰਡਿੰਗ ਸਰੋਤ ਤੋਂ ਨਿਰਧਾਰਤ ਫੰਡਿੰਗ ਦੀਆਂ ਰਾਸ਼ੀਆਂ ਦੀ ਪਛਾਣ ਅਤੇ ਸਾਰੇ ਪੰਜ ਸਾਲਾਂ ਲਈ ਵਰਤੋਂ ਦੀ ਰਿਪੋਰਟ ਸਮੇਤ, ਮਾਲੀ ਸਾਲ 2017/18 ਤੋਂ 2021/22 CIP ਨੂੰ ਪ੍ਰਵਾਨਗੀ ਦੇਣ ਵਾਲੇ ਇੱਕ ਪ੍ਰਸਤਾਵ ਨੂੰ ਅਪਨਾਉਣਾ।
3. 1 ਜੁਲਾਈ 2017 ਨੂੰ, ਫੰਡ ਸਰੋਤ ਅਤੇ ਵਰਤੋਂ ਦੀ ਰਿਪੋਰਟ ਵਿਚ ਸੂਚੀਬੱਧ ਕੀਤੇ ਡਿਵੈਲਪਮੈਂਟ ਸੈਂਟਰ, HVAC/ਰੂਫ ਰਿਪਲੇਸਮੈਂਟ ਅਤੇ ਡਿਵੈਲਪਮੈਂਟ ਸੈਂਟਰ, ਕਾਰਪੈਟ ਰੈਪਲੇਸਮੈਂਟ ਪ੍ਰਾਜੈਕਟਾਂ ਲਈ ਇਸ CIP ਵਿੱਚ ਐਪ੍ਰੋਪ੍ਰਿਏਸ਼ਨ (ਵਿਨਿਯੋਜਨ) ਲਈ, ਫੰਡ 392 ਡਿਵੈਲਪਮੈਂਟ ਕੋਸਟ ਸੈਂਟਰ ਰਿਜ਼ਰਵ ਅਣ-ਨਿਰਧਾਰਤ ਫੰਡ ਦੀ ਰਾਸ਼ੀ ਤੋਂ ਫੰਡ 502 ਵਿੱਚ $2.5 ਮਿਲਿਅਨ ਦੇ ਟ੍ਰਾਂਸਫਰ ਨੂੰ ਅਧਿਕਾਰਤ ਕਰਨਾ।
4. ਤਬਦੀਲੀ ਵਾਲੀਆਂ ਸਥਿਤੀਆਂ ਦੇ ਪ੍ਰਤੀ ਜਵਾਬ ਵਿੱਚ ਇਨ੍ਹਾਂ ਫੰਡਾਂ ਦੇ ਐਪ੍ਰੋਪ੍ਰਿਏਸ਼ਨ (ਵਿਨਿਯੋਜਨ) ਦੇ ਸਮੇਂ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਜਾਂ ਮੁਲਤਵੀ ਕਰਨ ਦੀ ਮਨਜ਼ੂਰੀ ਦੇਣ ਲਈ ਸਿਟੀ ਕੌਂਸਲ ਦੁਆਰਾ ਪ੍ਰਵਾਨਗੀ ਦਿੱਤੀ ਗਈ ਸਮਾਂ ਸੀਮਾ ਨੂੰ ਠੀਕ ਕਰਨ ਲਈ ਸਿਟੀ ਮੈਨੇਜਰ ਨੂੰ ਅਧਿਕਾਰਤ ਕਰਨਾ।
5. ਸਿਟੀ ਮੈਨੇਜਰ ਨੂੰ ਲੋੜੀਂਦੇ ਅਨੁਸਾਰ ਪੂੰਜੀ ਸੁਧਾਰ ਯੋਜਨਾ ਦੇ ਖਰਚੇ ਅਤੇ ਸਕੋਪ ਹਾਲਾਤ (PWC8101) ਅਤੇ ਇਮਰਜ਼ਿੰਗ ਪ੍ਰੋਜੈਕਟ ਰਿਜ਼ਰਵ (PWC 7101) ਤੋਂ ਪ੍ਰਤੀ ਪ੍ਰਾਜੈਕਟ $50,000 ਤੱਕ ਦੇ ਐਪ੍ਰੋਪ੍ਰਿਏਸ਼ਨ (ਵਿਨਿਯੋਜਨ) ਨੂੰ ਟ੍ਰਾਸਫਰ ਕਰਨ ਲਈ ਅਧਿਕਾਰਤ ਕਰਨਾ।

## 6. ਸਿਟੀ ਅਟਾਰਨੀ ਤੋਂ ਰਿਪੋਰਟ – ਕੋਈ ਨਹੀਂ।

## 7. ਹੋਰ ਕਾਰਜ – ਕੋਈ ਨਹੀਂ।

## 8. ਕੌਂਸਲ ਦੇ ਸੰਚਾਰ

### A. ਕੌਂਸਲ ਦੇ ਰੈਫਰਲਸ - ਕੋਈ ਨਹੀਂ।

### B. ਬੈਠਕਾਂ ਅਤੇ ਗਤੀਵਿਧੀਆਂ ‘ਤੇ ਮੌਖਿਕ ਰਿਪੋਰਟਾਂ

## 9. ਮੁਲਤਵੀਕਰਨ

## ACRONYMS

| | |
|---|---|
| ABAG | Association of Bay Area Governments |
| ACE | Altamont Commuter Express |
| ACFCD | Alameda County Flood Control District |
| ACTC | Alameda County Transportation Commission |
| ACWD | Alameda County Water District |
| ARB | Art Review Board |
| BAAQMD | Bay Area Air Quality Management District |
| BART | Bay Area Rapid Transit District |
| BCDC | Bay Conservation & Development Commission |
| BMPs | Best Management Practices |
| BMR | Below Market Rate |
| CALPERS | California Public Employees' Retirement System |
| CBC | California Building Code |
| CDD | Community Development Department |
| CC & R's | Covenants, Conditions & Restrictions |
| CDBG | Community Development Block Grant |
| CEQA | California Environmental Quality Act |
| CERT | Community Emergency Response Team |
| CIP | Capital Improvement Program |
| CNG | Compressed Natural Gas |
| COF | City of Fremont |
| COPPS | Community Oriented Policing and Public Safety |
| CSAC | California State Association of Counties |
| CTC | California Transportation Commission |
| dB | Decibel |
| DEIR | Draft Environmental Impact Report |
| DU/AC | Dwelling Units per Acre |
| EBRPD | East Bay Regional Park District |
| EDAC | Economic Development Advisory Commission (City) |
| EIR | Environmental Impact Report (CEQA) |
| EIS | Environmental Impact Statement (NEPA) |
| ERAF | Education Revenue Augmentation Fund |
| EVAW | Emergency Vehicle Accessway |
| FAR | Floor Area Ratio |
| FEMA | Federal Emergency Management Agency |
| FFD | Fremont Fire Department |
| FMC | Fremont Municipal Code |
| FPD | Fremont Police Department |
| FRC | Family Resource Center |
| FUSD | Fremont Unified School District |
| GIS | Geographic Information System |
| GPA | General Plan Amendment |
| HARB | Historical Architectural Review Board |
| HBA | Home Builders Association |
| HRC | Human Relations Commission |
| ICMA | International City/County Management Association |
| JPA | Joint Powers Authority |
| LLMD | Lighting and Landscaping Maintenance District |
| LOCC | League of California Cities |
| LOS | Level of Service |
| MOU | Memorandum of Understanding |
| MTC | Metropolitan Transportation Commission |
| NEPA | National Environmental Policy Act |
| NLC | National League of Cities |
| NPDES | National Pollutant Discharge Elimination System |
| NPO | Neighborhood Preservation Ordinance |
| PC | Planning Commission |
| PD | Planned District |
| PDA | Priority Development Area |
| PUC | Public Utilities Commission |
| PVAW | Private Vehicle Accessway |
| PWC | Public Works Contract |
| RFP | Request for Proposals |
| RFQ | Request for Qualifications |
| RHNA | Regional Housing Needs Allocation |
| ROP | Regional Occupational Program |
| RRIDRO | Residential Rent Increase Dispute Resolution Ordinance |
| RWQCB | Regional Water Quality Control Board |
| SACNET | Southern Alameda County Narcotics Enforcement Task Force |
| STIP | State Transportation Improvement Program |
| TCRDF | Tri-Cities Recycling and Disposal Facility |
| TOD | Transit Oriented Development |
| TS/MRF | Transfer Station/Materials Recovery Facility |
| UBC | See CBC |
| VTA | Santa Clara Valley Transportation Authority |
| WMA | Waste Management Authority |
| ZA | Zoning Administrator |
| ZTA | Zoning Text Amendment |

| ਆਗਾਮੀ ਮੀਟਿੰਗ ਅਤੇ ਚੈਨਲ, 27<br>ਬ੍ਰਾੱਡਕਾਸਟ ਅਨੁਸੂਚੀ | | | | |
|---|---|---|---|---|
| ***ਮਿਤੀ*** | ***ਸਮਾਂ*** | ***ਬੈਠਕ ਦੀ ਕਿਸਮ*** | ***ਸਥਾਨ*** | ***ਕੇਬਲ ਚੈਨਲ 27*** |
| **20 ਜੂਨ, 2017** | ਸ਼ਾਮੀ 7:00 ਵਜੇ | ਸਿਟੀ ਕੌਂਸਲ ਦੀ ਬੈਠਕ | ਕੌਂਸਲ ਚੈਂਬਰਸ | ਲਾਇਵ |
| **27 ਜੂਨ, 2017** | | ਕੋਈ ਕੌਂਸਲ ਬੈਠਕ ਨਹੀਂ | | |
| **4 ਜੁਲਾਈ, 2017** | | *ਛੁੱਟੀ – ਕੋਈ ਕੌਂਸਲ ਬੈਠਕ ਨਹੀਂ* | | |
| **11 ਜੁਲਾਈ, 2017** | ਸ਼ਾਮੀ 7:00 ਵਜੇ | ਸਿਟੀ ਕੌਂਸਲ ਦੀ ਬੈਠਕ | ਕੌਂਸਲ ਚੈਂਬਰਸ | ਲਾਇਵ |
| **18 ਜੁਲਾਈ, 2017** | ਸ਼ਾਮੀ 7:00 ਵਜੇ | ਸਿਟੀ ਕੌਂਸਲ ਦੀ ਬੈਠਕ | ਕੌਂਸਲ ਚੈਂਬਰਸ | ਲਾਇਵ |
| **25 ਜੁਲਾਈ, 2017** | | ਕੋਈ ਕੌਂਸਲ ਬੈਠਕ ਨਹੀਂ | | |
| ***ਅਗਸਤ ਦੀ ਛੁੱਟੀ*** | | *ਕੋਈ ਕੌਂਸਲ ਬੈਠਕ ਨਹੀਂ* | | |
| **5 ਸਤੰਬਰ, 2017** | ਸ਼ਾਮੀ 7:00 ਵਜੇ | ਸਿਟੀ ਕੌਂਸਲ ਦੀ ਬੈਠਕ | ਕੌਂਸਲ ਚੈਂਬਰਸ | ਲਾਇਵ |
| **12 ਸਤੰਬਰ, 2017** | ਸ਼ਾਮੀ 7:00 ਵਜੇ | ਸਿਟੀ ਕੌਂਸਲ ਦੀ ਬੈਠਕ | ਕੌਂਸਲ ਚੈਂਬਰਸ | ਲਾਇਵ |
| **19 ਸਤੰਬਰ, 2017** | ਸ਼ਾਮੀ 7:00 ਵਜੇ | ਸਿਟੀ ਕੌਂਸਲ ਦੀ ਬੈਠਕ | ਕੌਂਸਲ ਚੈਂਬਰਸ | ਲਾਇਵ |
| **26 ਸਤੰਬਰ, 2017** | | ਕੋਈ ਕੌਂਸਲ ਬੈਠਕ ਨਹੀਂ | | |
| **ਸੋਮਵਾਰ,<br>2 ਅਕਤੂਬਰ, 2017** | ਸ਼ਾਮੀ 05:30 ਵਜੇ | ਸੰਯੁਕਤ ਕੌਂਸਲ/FUSD ਬੈਠਕ | *FUSD* | ਲਾਇਵ |
| **3 ਅਕਤੂਬਰ, 2017** | ਸ਼ਾਮੀ 7:00 ਵਜੇ | ਸਿਟੀ ਕੌਂਸਲ ਦੀ ਬੈਠਕ | ਕੌਂਸਲ ਚੈਂਬਰਸ | ਲਾਇਵ |
| **10 ਅਕਤੂਬਰ, 2017** | ਸ਼ਾਮੀ 7:00 ਵਜੇ | ਸਿਟੀ ਕੌਂਸਲ ਦੀ ਬੈਠਕ | ਕੌਂਸਲ ਚੈਂਬਰਸ | ਲਾਇਵ |
| **17 ਅਕਤੂਬਰ, 2017** | ਸ਼ਾਮੀ 7:00 ਵਜੇ | ਸਿਟੀ ਕੌਂਸਲ ਦੀ ਬੈਠਕ | ਕੌਂਸਲ ਚੈਂਬਰਸ | ਲਾਇਵ |
| **24 ਅਕਤੂਬਰ, 2017** | | ਕੋਈ ਕੌਂਸਲ ਬੈਠਕ ਨਹੀਂ | | |
| **31 ਅਕਤੂਬਰ, 2017** | | ਕੋਈ ਕੌਂਸਲ ਬੈਠਕ ਨਹੀਂ | | |

# ਨਕਸ਼ੇ C-2b ਲਈ ਮਸੌਦਾ

## ਔਰਡੀਨੈਂਸ (ordinance) ਨੰਬਰ XX-2017

ਸਿਟੀ ਆਫ਼ ਫ੍ਰੀਮੌਂਟ ਵਿੱਚ ਜ਼ਿਲ੍ਹਾ ਅਧਾਰਤ ਵਾਲੀਆਂ ਚੋਣਾਂ ਦੀ ਸਥਾਪਨਾ ਕਰਨ ਲਈ ਅਤੇ ਅਧਿਆਇ **2.05** ਵਿੱਚ ਹੋਰ ਨਿਯਮਾਂ ਦੇ ਅਨੁਪਾਲਨ ਸਬੰਧੀ ਅਤੇ ਤਕਨੀਕੀ ਤਬਦੀਲੀਆਂ ਕਰਨ ਲਈ ਫ੍ਰੀਮੌਂਟ ਨਗਰਪਾਲਿਕਾ ਕੋਡ ਦੇ ਅਧਿਆਇ **2.05** ਵਿੱਚ ਬਦਲਾਅ ਕਰਨ ਵਾਲੇ ਸਿਟੀ ਆਫ਼ ਫ੍ਰੀਮੌਂਟ ਦੇ ਇੱਕ ਔਰਡੀਨੈਂਸ **(ORDINANCE)** ਨੂੰ ਪੇਸ਼ ਕਰਨਾ

ਜਦੋਂਕਿ, ਸਿਟੀ ਆਫ਼ ਫ੍ਰੀਮੌਂਟ ਸਿਟੀ ਕੌਂਸਲ ਦੇ ਮੈਂਬਰਾਂ ਦੀ ਚੋਣ ਵਿੱਚ ਸਾਰਿਆਂ ਨਾਗਰਿਕਾਂ ਦੀ ਪੂਰੀ ਭਾਗੀਦਾਰੀ ਦਾ ਸਮਰਥਨ ਕਰਦਾ ਹੈ; ਅਤੇ

ਜਦੋਂਕਿ, 1977 ਦੇ ਇੱਕ ਮਤਦਾਤਾ ਦੀ ਪਹਿਲਕਦਮੀ ਦੇ ਮੁਤਾਬਕ, ਉਪਾਅ A, ਜਿਵੇਂ ਕਿ 1996 ਵਿੱਚ ਮਤਦਾਤਾਵਾਂ ਦੁਆਰਾ ਸੋਧ ਕੀਤਾ ਗਿਆ, ਉਪਾਅ AA ਦੇ ਸਬੰਧ ਵਿੱਚ, ਸਿਟੀ ਆਫ਼ ਫ੍ਰੀਮੌਂਟ ਇਸ ਵੇਲੇ ਵਿਆਪਕ ਚੋਣ ਪ੍ਰਣਾਲੀ ਰਾਹੀਂ ਇੱਕ ਵੱਖਰੇ ਚੁਣੇ ਗਏ ਮੇਅਰ ਦੀ ਮਦਦ ਨਾਲ ਸਿਟੀ ਕੌਂਸਲ ਦੇ ਚਾਰ ਮੈਂਬਰ ਚੁਣਦਾ ਹੈ, ਜੋ ਕਿ ਆਪ ਵੀ ਸਿਟੀ ਕੌਂਸਲ ਦਾ ਮੈਂਬਰ ਹੁੰਦਾ ਹੈ;

ਜਦੋਂਕਿ, ਵਿਆਪਕ ਚੋਣ ਪ੍ਰਣਾਲੀ ਵਿੱਚ, ਉਮੀਦਵਾਰ ਸ਼ਹਿਰ ਦੇ ਕਿਸੇ ਵੀ ਹਿੱਸੇ ਵਿੱਚ ਰਹਿ ਸਕਦੇ ਹਨ ਅਤੇ ਸਿਟੀ ਕੌਂਸਲ ਦਾ ਹਰ ਮੈਂਬਰ ਪੂਰੇ ਸ਼ਹਿਰ ਦੇ ਮਤਦਾਤਾਵਾਂ ਦੁਆਰਾ ਚੁਣਿਆ ਜਾਂਦਾ ਹੈ; ਅਤੇ

ਜਦੋਂਕਿ, ਇੱਕ ਜ਼ਿਲ੍ਹਾ-ਦੁਆਰਾ ਚੋਣ ਪ੍ਰਣਾਲੀ ਵਿੱਚ, ਸਿਟੀ ਕੌਂਸਲ ਲਈ ਖੜ੍ਹੇ ਹੋਣ ਵਾਲੇ ਉਮੀਦਵਾਰ ਦਾ ਉਸੇ ਜ਼ਿਲ੍ਹੇ ਵਿੱਚ ਰਹਿਣਾ ਜ਼ਰੂਰੀ ਹੈ ਜਿਸਦੀ ਉਹ ਨੁਮਾਇੰਦਗੀ ਕਰਨਾ ਚਾਹੁੰਦਾ/ਚਾਹੁਦੀ ਹੈ, ਅਤੇ ਸਿਰਫ ਉਸੀ ਜ਼ਿਲ੍ਹੇ ਦੇ ਮਤਦਾਤਾਵਾਂ ਨੂੰ ਉੱਥੋਂ ਦੇ ਨੁਮਾਇੰਦੇ ਦੀ ਚੋਣ ਕਰਨ ਦਾ ਫੈਸਲਾ ਕਰਨ ਦਾ ਹੱਕ ਹੁੰਦਾ ਹੈ; ਅਤੇ

ਜਦੋਂਕਿ,15 ਫਰਵਰੀ 2017 ਨੂੰ, ਸਿਟੀ ਨੂੰ ਇੱਕ ਵਕੀਲ, ਕੈਵਿਨ ਸ਼ੇਂਕਮੈਨ, ਵੱਲੋਂ ਇੱਕ ਪੱਤਰ ਪ੍ਰਾਪਤ ਹੋਇਆ, ਜਿਸ ਵਿੱਚ ਇਹ ਕਿਹਾ ਗਿਆ ਸੀ ਕਿ ਸਿਟੀ ਦੀ ਵਿਆਪਕ ਚੋਣ ਪ੍ਰਣਾਲੀ ਕੈਲੀਫੋਰਨੀਆ ਦੇ ਚੋਣ ਅਧਿਕਾਰਾਂ ਸਬੰਧੀ ਅਧਿਨਿਯਮ ਦੀ ਉਲੰਘਣਾ ਕਰਦੀ ਹੈ ਅਤੇ ਜੇ ਸਿਟੀ ਜ਼ਿਲ੍ਹਾ-ਅਧਾਰਤ ਚੋਣ ਕਰਨ ਤੋਂ ਇਨਕਾਰ ਕਰਦਾ ਹੈ, ਤਾਂ ਉਸ ਵਿੱਚ ਮੁਕੱਦਮਾ ਕਰਨ ਦੀ ਧਮਕੀ ਦਿੱਤੀ ਗਈ ਸੀ; ਅਤੇ

ਜਦੋਂਕਿ, ਇਸ ਪੱਤਰ ਵਿੱਚ ਉਲੰਘਣਾ ਦਾ ਕੋਈ ਵੀ ਸਬੂਤ ਸ਼ਾਮਲ ਨਹੀਂ ਸੀ, ਪਰ ਕੈਲੀਫੋਰਨੀਆ ਦੇ ਚੋਣ ਅਧਿਕਾਰਾਂ ਸਬੰਧੀ ਅਧਿਨਿਯਮ ਦੇ ਤਹਿਤ ਕੀਤੇ ਗਏ ਕਿਸੇ ਦਾਅਵੇ ਦੇ ਵਿਰੁੱਧ ਕਾਨੂੰਨ ਕਾਰਵਾਈ ਦੀ ਲਾਗਤ ਬਹੁਤ ਵੱਧ ਹੈ; ਅਤੇ

ਜਦੋਂਕਿ, 1 ਜਨਵਰੀ 2017 ਤੋਂ ਲਾਗੂ ਹੋਇਆ ਸੰਸ਼ੋਧਤ ਕੈਲੀਫੋਰਨੀਆ ਦਾ ਸਰਕਾਰੀ ਕੋਡ ਸੈਕਸ਼ਨ 34886 ਪ੍ਰਦਾਨ ਕਰਦਾ ਹੈ ਕਿ:

> ਸੈਕਸ਼ਨ 34871 ਜਾਂ ਕਿਸੇ ਹੋਰ ਕਾਨੂੰਨ ਦੇ ਬਾਵਜੂਦ, ਇੱਕ ਸ਼ਹਿਰ ਦੀ ਵਿਧਾਨਕ ਸੰਸਥਾ ਇੱਕ ਔਰਡੀਨੈਂਸ ਸਵੀਕਾਰ ਕਰ ਸਕਦੀ ਹੈ ਜਿਸਦੇ ਲਈ ਸੈਕਸ਼ਨ 34871 ਦੇ ਉਪਭਾਗ (a) ਅਤੇ (c) ਦੇ ਮੁਤਾਬਕ, ਔਰਡੀਨੈਂਸ ਨੂੰ ਪ੍ਰਵਾਨਗੀ ਲਈ ਲੋਕਾਂ ਸਾਹਮਣੇ ਪੇਸ਼ ਕਰਨ ਦੀ ਲੋੜ ਤੋਂ ਬਿਨ੍ਹਾਂ ਵਿਧਾਨਕ ਸੰਸਥਾ ਦੇ ਮੈਂਬਰਾਂ ਨੂੰ ਜ਼ਿਲ੍ਹੇ ਦੁਆਰਾ ਜਾਂ ਚੁਣੇ ਗਏ ਮੇਅਰ ਵਾਲੇ ਜ਼ਿਲ੍ਹੇ ਦੁਆਰਾ ਚੁਣਿਆ ਜਾਣਾ ਚਾਹੀਦਾ ਹੈ। ਇਸ ਸੈਕਸ਼ਨ ਦੇ ਅਨੁਸਾਰ ਅਪਨਾਏ ਗਏ ਇੱਕ ਔਰਡੀਨੈਂਸ ਵਿੱਚ ਇੱਕ ਘੋਸ਼ਣਾ ਸ਼ਾਮਲ ਹੋਵੇਗੀ ਕਿ ਵਿਧਾਨਕ ਸੰਸਥਾ ਦੇ ਮੈਂਬਰਾਂ ਦੀ ਚੋਣ ਕਰਨ ਦੀ ਪ੍ਰਕਿਰਿਆ ਵਿੱਚ ਬਦਲਾਅ ਕੈਲੀਫੋਰਨੀਆ ਦੇ ਚੋਣ ਅਧਿਕਾਰਾਂ ਸਬੰਧੀ ਅਧਿਨਿਯਮ 2001 (ਚੋਣ ਕੋਡ 14 ਦੀ ਡਿਵੀਜ਼ਨ ਦੇ ਪਾਠ 1.5 (ਸੈਕਸ਼ਨ 14025 ਦੀ ਸ਼ੁਰੂਆਤ ਦੇ ਨਾਲ) ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਕੀਤਾ ਜਾ ਰਿਹਾ ਹੈ; ਅਤੇ

ਜਦੋਂਕਿ, ਕੈਲੀਫੋਰਨੀਆ ਸਰਕਾਰੀ ਕੋਡ ਦੀ ਧਾਰਾ 34871(c) ਛੇ ਜ਼ਿਲ੍ਹਿਆਂ ਵਿੱਚ, ਇਕ ਚੋਣਵੇਂ ਮੇਅਰ ਨਾਲ, ਜ਼ਿਲਿਆਂ ਦੁਆਰਾ ਸ਼ਹਿਰ ਦੀ ਵਿਧਾਨ ਸਭਾ ਸੰਸਥਾ ਦੇ ਮੈਂਬਰਾਂ ਦੀ ਚੋਣ ਨੂੰ ਮੁਹੱਈਆ ਕਰਵਾਉਂਦੀ ਹੈ; ਅਤੇ

ਜਦੋਂਕਿ, 21 ਮਾਰਚ 2017 ਨੂੰ ਇਸ ਦੀ ਨੇਮੀ ਬੈਠਕ ਵਿੱਚ ਸਿਟੀ ਕੌਂਸਲ ਨੇ ਚੋਣ ਕੋਡ ਦੀ ਧਾਰਾ 10010 ਦੇ ਮੁਤਾਬਕ ਇੱਕ ਜ਼ਿਲ੍ਹ-ਦੁਆਰਾ ਚੋਣ ਪ੍ਰਕਿਰਿਆ ਸਥਾਪਤ ਕਰਨ ਲਈ ਦਾ ਇੱਕ ਮਤਾ ਅਪਣਾਇਆ; ਅਤੇ

ਜਦੋਂਕਿ, ਕੈਲੀਫੋਰਨੀਆ ਸਰਕਾਰੀ ਕੋਡ ਦੀ ਧਾਰਾ 34886 ਦੇ ਮੁਤਾਬਕ, ਇਹ ਘੋਸ਼ਿਤ ਕਿਤਾ ਗਿਆ ਹੈ ਕਿ ਔਰਡੀਨੈਂਸ ਦੁਆਰਾ ਫ੍ਰੀਮੌਂਟ ਦੀ ਸਿਟੀ ਕੌਂਸਲ ਦੇ ਮੈਂਬਰਾਂ ਦੀ ਚੋਣ ਦੀ ਪ੍ਰਕਿਰਿਆ ਵਿੱਚ ਤਬਦੀਲੀ ਕੈਲੀਫੋਰਨੀਆ ਦੇ ਸੰਵਿਧਾਨ ਦੇ ਲੇਖ I ਦੀ ਧਾਰਾ 7 ਅਤੇ ਲੇਖ II ਦੀ ਧਾਰਾ 2 ਦੀਆਂ ਗਾਰੰਟੀਆਂ ਲਾਗੂ ਕਰਨ ਲਈ ਕੀਤੀ ਗਈ ਹੈ, ਜਿਵੇਂ ਕਿ ਕੈਲੀਫੋਰਨੀਆ ਦੇ ਚੋਣ ਅਧਿਕਾਰਾਂ ਸਬੰਧੀ ਅਧਿਨਿਯਮ ਦੇ ਸੈਕਸ਼ਨ 14031 ਵਿੱਚ ਦਰਸਾਇਆ ਗਿਆ ਹੈ, ਅਤੇ

ਜਦੋਂਕਿ, ਕੈਲੀਫੋਰਨੀਆ ਦੇ ਚੋਣ ਕੋਡ ਦੀ ਧਾਰਾ 10010 ਦੇ ਨਿਯਮਾਂ ਦੇ ਤਹਿਤ, ਇੱਕ ਸਿਆਸੀ ਉਪ-ਡਿਵੀਜ਼ਨ, ਜੋ ਕਿ ਵਿਆਪਕ ਚੋਣ ਪ੍ਰਕਿਰਿਆ ਤੋਂ ਜ਼ਿਲ੍ਹਾ-ਅਧਾਰਤ ਪ੍ਰਕਿਰਿਆ ‘ਤੇ ਤਬਦੀਲ ਹੁੰਦੀ ਹੈ, ਦੀਆਂ ਤੀਹ ਦਿਨਾਂ ਦੀ ਮਿਆਦ ਵਿੱਚ ਘੱਟ ਤੋਂ ਘੱਟ ਦੋ ਸੁਣਵਾਈਆਂ ਹੋਈਆਂ ਚਾਹੀਦੀਆਂ ਹਨ, ਜਿਨ੍ਹਾਂ ਵਿੱਚ ਜ਼ਿਲ੍ਹਿਆਂ ਦੀ ਪ੍ਰਸਤਾਵਿਤ ਸੀਮਾਵਾਂ ਦੇ ਮਸੌਦਾ ਨਕਸ਼ਾ ਜਾਂ ਨਕਸ਼ਿਆਂ ਨੂੰ ਬਣਾਉਣ ਤੋਂ ਪਹਿਲਾਂ ਜਨਤਾ ਨੂੰ ਜ਼ਿਲ੍ਹਿਆਂ ਦੀ ਰਚਨਾ ਦੇ ਸਬੰਧ ਵਿੱਚ ਰਾਇ ਦੇਣ ਲਈ ਬੁਲਾਇਆ ਜਾਂਦਾ ਹੈ; ਅਤੇ

ਜਦੋਂਕਿ, ਜ਼ਿਲ੍ਹਿਆਂ ਦੀਆਂ ਪ੍ਰਸਤਾਵਿਤ ਸੀਮਾਵਾਂ ਦੇ ਕੋਈ ਵੀ ਨਕਸ਼ੇ ਬਣਾਉਣ ਤੋਂ ਪਹਿਲਾਂ ਸਿਟੀ ਕੌਂਸਲ ਨੇ 4 ਅਪਰੈਲ 2017 ਅਤੇ 18 ਅਪਰੈਲ 2017 ਨੂੰ ਜਨਤਕ ਸੁਣਵਾਈਆਂ ਦਾ ਆਯੋਜਨ ਕੀਤਾ, ਜਿਨ੍ਹਾਂ ਵਿੱਚ ਪ੍ਰਸਤਾਵਿਤ ਜ਼ਿਲ੍ਹਾ ਸੀਮਾਵਾਂ ਬਾਰੇ ਜਨਤਾ ਦੀ ਰਾਇ ਲਈ ਗਈ ਅਤੇ ਉਹਨਾਂ ਨੂੰ ਸੁਣਿਆ ਗਿਆ; ਅਤੇ

ਜਦੋਂਕਿ, 18 ਅਪਰੈਲ 2017 ਨੂੰ ਜਨਤਕ ਸੁਣਵਾਈ ਦੇ ਦੌਰਾਨ, ਸਿਟੀ ਕੌਂਸਲ ਨੇ ਆਪਣੇ ਜਨ-ਅੰਕੜਾ ਸਲਾਹਕਾਰ ਨੂੰ ਛੇ ਕੌਂਸਲ ਜ਼ਿਲ੍ਹਿਆਂ ਵਾਲੇ ਮੁੜ ਜ਼ਿਲ੍ਹਾ ਯੋਜਨਾ ਵਿਕਲਪ ਵਿਕਸਿਤ ਕਰਨ ਦਾ ਆਦੇਸ਼ ਦਿੱਤਾ; ਅਤੇ

ਜਦੋਂਕਿ, 27 ਅਪਰੈਲ 2017 ਨੂੰ, ਕੈਲੀਫੋਰਨੀਆ ਚੋਣ ਕੋਡ ਦੀ ਧਾਰਾ 10010 ਦੇ ਨਿਯਮਾਂ ਦੇ ਮੁਤਾਬਕ, ਸਿਟੀ ਨੇ ਵਿੱਚਾਰ ਅਧੀਨ ਸਾਰੇ ਮਸੌਦਾ ਨਕਸ਼ੇ ਪ੍ਰਕਾਸ਼ਿਤ ਕੀਤੇ ਅਤੇ ਰਿਲੀਜ਼ ਲਈ ਉਪਲਬਧ ਕਰਾਏ; ਅਤੇ

ਜਦੋਂਕਿ, ਚੋਣਾਂ ਦਾ ਸੰਭਾਵੀ ਕ੍ਰਮ ਵੀ ਪ੍ਰਕਾਸ਼ਿਤ ਕੀਤਾ ਗਿਆ ਸੀ; ਅਤੇ

ਜਦੋਂਕਿ, ਕੈਲੀਫੋਰਨੀਆ ਦੇ ਚੋਣ ਕੋਡ ਦੀ ਧਾਰਾ 10010 ਅਨੁਸਾਰ ਲੋੜੀਂਦੇ ਮੁਤਾਬਕ, ਸਿਟੀ ਨੇ 45 ਦਿਨਾਂ ਦੀ ਮਿਆਦ ਦੇ ਅੰਦਰ-ਅੰਦਰ ਵਾਧੂ ਸੁਣਵਾਈਆਂ ਆਯੋਜਿਤ ਕੀਤੀਆਂ, ਪਹਿਲੀ 2 ਮਈ, 2017 ਨੂੰ, ਦੂਜੀ 16 ਮਈ, 2017 ਨੂੰ ਅਤੇ ਤੀਜੀ 6 ਜੂਨ, 2017 ਨੂੰ, ਜਿਨ੍ਹਾਂ ਵਿੱਚ ਲੋਕਾਂ ਨੂੰ ਮਸੌਦਾ ਨਕਸ਼ਿਆਂ ਦੀ ਸਮੱਗਰੀ ਅਤੇ ਚੋਣਾਂ ਦੇ ਸੰਭਾਵੀ ਕ੍ਰਮ ਬਾਰੇ ਰਾਇ ਦੇਣ ਲਈ ਸੱਦਾ ਦਿੱਤਾ ਗਿਆ ਸੀ; ਅਤੇ

ਜਦੋਂਕਿ, ਇਸ ਔਰਡੀਨੈਂਸ ਦਾ ਉਦੇਸ਼, ਕੈਲੀਫੋਰਨੀਆ ਸਰਕਾਰੀ ਕੋਡ ਦੀ ਧਾਰਾ 34886 ਦੇ ਮੁਤਾਬਕ, ਛੇ ਇਕੱਲੇ-ਮੈਂਬਰ ਵਾਲੇ ਜ਼ਿਲ੍ਹਿਆਂ ਵਿੱਚ ਸਿਟੀ ਆਫ਼ ਫ੍ਰੀਮੌਂਟ ਦੇ ਜ਼ਿਲ੍ਹੇ ਦੀ ਸਿਟੀ ਕੌਂਸਲ ਦੇ ਮੈਂਬਰਾਂ ਦੀ ਚੋਣ ਲਈ ਇੱਕ ਔਰਡੀਨੈਂਸ ਬਣਾਉਣਾ, ਜਿਸ ਵਿੱਚ ਇਸ ਔਰਡੀਨੈਂਸ ਦੇ ਪਰਿਸ਼ਿਸ਼ਟ 1 ਵਿੱਚ ਦਰਸਾਏ ਗਏ ਮੁਤਾਬਕ ਵੱਖ ਤੌਰ ‘ਤੇ ਚੁਣਿਆ ਗਿਆ ਇੱਕ ਮੇਅਰ ਬਣਾਏ ਰੱਖਣਾ ਸ਼ਾਮਲ ਹੋਵੇਗਾ, ਅਤੇ ਫ੍ਰੀਮੌਂਟ ਨਗਰਪਾਲਿਕਾ ਕੋਡ ਦੇ ਅਧਿਆਇ 2.05 ਵਿੱਚ ਹੋਰ ਅਨੁਕੂਲ ਅਤੇ ਤਕਨੀਕੀ ਤਬਦੀਲੀਆਂ ਕੀਤਾ ਜਾਣਾ ਹੈ।

ਹੁਣ, ਇਸ ਲਈ,ਸਿਟੀ ਆਫ਼ ਫ੍ਰੀਮੌਂਟ ਦੀ ਸਿਟੀ ਕੌਂਸਲ ਹੇਠ ਲਿਖੇ ਮੁਤਾਬਕ ਆਦੇਸ਼ ਦਿੰਦੀ ਹੈ:

<u>ਭਾਗ 1.</u> FMC ਅਧਿਆਇ 2.05, ਸੰਸ਼ੋਧਤ

ਫ੍ਰੀਮੌਂਟ ਨਗਰਪਾਲਿਕਾ ਕੋਡ 2.05 ਵਿੱਚ ਹੇਠਾਂ ਅਨੁਸਾਰ ਸੰਸ਼ੋਧਨ ਕੀਤਾ ਗਿਆ ਹੈ:

ਅਧਿਆਇ **2.05**

ਸਿਟੀ ਕੌਂਸਲ ਅਤੇ ਮੇਅਰ

ਧਾਰਾਵਾਂ:

2.05.010 ਕੌਂਸਲ ਦੀਆਂ ਨੇਮੀ ਮੀਟਿੰਗਾਂ ਦਾ ਸਮਾਂ - ਕੌਂਸਲ ਦੀਆਂ ਛੁੱਟੀਆਂ।
2.05.020 ਰਾਖਵਾਂ2.05.030 ਕੌਂਸਿਲ ਮੀਟਿੰਗਾਂ ਦਾ ਸਥਾਨ।
2.05.040 ਬਾਕਾਇਦਾ ਅਨੁਸੂਚਿਤ ਅਧਿਐਨ ਸੈਸ਼ਨਾਂ ਦਾ ਸਥਾਨ।
2.05.050 ਕੌਂਸਲ ਦੀਆਂ ਵਿਸ਼ੇਸ਼ ਬੈਠਕਾਂ।

2.05.060 ਮੇਅਰ ਅਤੇ ਕੌਂਸਲ ਦੇ ਮੈਂਬਰਾਂ ਦਾ ਮੁਆਵਜ਼ਾ।

2.05.070 ਅਦਾਇਗੀ/ਭਰਪਾਈ।

2.05.080 ਸਿਟੀ ਕੌਂਸਲ ਦੇ ਦਫਤਰਾਂ ਨੂੰ ਭਰਨ ਲਈ ਜਨਰਲ ਨਗਰਪਾਲਿਕਾ ਦੀ ਚੋਣ ਦੀ ਤਾਰੀਖ।

2.05.090 ਕੌਂਸਲ ਦੀਆਂ ਖਾਲੀ ਥਾਂਵਾਂ ਨੂੰ ਭਰਨਾ।

2.05.100 ਮਿਆਦ ਦੀਆਂ ਸੀਮਾਵਾਂ।

2.05.110 ਮੇਅਰ ਅਤੇ ਕੌਂਸਲ ਦੇ ਮੈਂਬਰਾਂ ਦੇ ਦਫ਼ਤਰ ਦੀ ਮਿਆਦ।

2.05.120 ਛੇ ਸਿਟੀ ਕੌਂਸਲ ਮੈਂਬਰਾਂ ਲਈ ਜ਼ਿਲਾ-ਦੁਆਰਾ ਚੋਣ ਪ੍ਰਣਾਲੀ।

2.05.130 ਸਿਟੀ ਕੌਂਸਲ ਦੇ ਚੋਣਾਂ ਵਾਲੇ ਜ਼ਿਲ੍ਹਿਆਂ ਦੀ ਸਥਾਪਨਾ।

2.05.140 ਜ਼ਿਲ੍ਹੇ ਦੇ ਅਧਾਰ ਤੇ ਚੁਣੇ ਹੋਏ ਕੌਂਸਲ ਦੇ ਸਦੱਸਿਆਂ ਲਈ ਚੋਣਾਂ ਦੀ ਸਮਾਂ-ਸਾਰਣੀ।

ਧਾਰਾ **2.05.010** ਕੌਂਸਲ ਦੀਆਂ ਨੇਮੀ ਮੀਟਿੰਗਾਂ ਦਾ ਸਮਾਂ - ਕੌਂਸਲ ਦੀਆਂ ਛੁੱਟੀਆਂ।

ਸ਼ਹਿਰੀ ਕੌਂਸਲ ਦੀਆਂ ਨੇਮੀ ਬੈਠਕਾਂ ਹਰ ਮਹੀਨੇ ਦੇ ਪਹਿਲੇ ਤਿੰਨ ਮੰਗਲਵਾਰਾਂ ਨੂੰ ਸ਼ਾਮ 7:00 ਵਜੇ ਆਯੋਜਿਤ ਹੋਣਗੀਆਂ; ਜੇਕਰ ਕਿਸੇ ਨੇਮੀ ਬੈਠਕ ਦਾ ਸਮਾਂ ਜਨਤਕ ਛੁੱਟੀ ਵਾਲੇ ਦਿਨ ਪੈਂਦਾ ਹੈ, ਤਾਂ ਉਸ ਦਿਨ ਨੇਮੀ ਮੀਟਿੰਗ ਨਹੀਂ ਕੀਤੀ ਜਾਵੇਗੀ, ਅਤੇ ਇਹ ਸਿਟੀ ਕੌਂਸਲ ਦੁਆਰਾ ਦਰਸਾਏ ਮੁਤਾਬਕ ਅਗਲੀ ਨੇਮੀ ਬੈਠਕ ਤੋਂ ਪਹਿਲਾਂ ਆਉਣ ਵਾਲੇ ਅਗਲੇ ਕਾਰੋਬਾਰੀ ਦਿਨ ਤੇ ਮੁਅੱਤਲ ਕੀਤੀ ਗਈ ਨੇਮੀ ਮੀਟਿੰਗ ਦੇ ਰੂਪ ਕੀਤੀ ਜਾਵੇਗੀ। ਕੌਂਸਲ ਅਗਸਤ ਵਿੱਚ ਪਹਿਲੇ, ਦੂਸਰੇ, ਤੀਸਰੇ ਅਤੇ ਚੌਥੇ ਮੰਗਲਵਾਰ ਅਤੇ ਦਸੰਬਰ ਵਿੱਚ ਚੌਥੇ ਮੰਗਲਵਾਰ ਨੂੰ ਛੁੱਟੀ 'ਤੇ ਹੋਵੇਗੀ।

ਧਾਰਾ **2.05.020** ਰਾਖਵਾਂ

ਧਾਰਾ **2.05.030** ਕੌਂਸਿਲ ਮੀਟਿੰਗਾਂ ਦਾ ਸਥਾਨ।

ਕੌਂਸਲ ਦੀਆਂ ਸਾਰੀਆਂ ਨੇਮੀ ਬੈਠਕਾਂ ਫ੍ਰੀਮੌਂਟ ਸਿਟੀ ਹਾਲ, 3300 ਕੈਪੀਟਲ ਐਵੇਨਿਊ, ਫ੍ਰੀਮੌਂਟ, ਕੈਲੀਫੋਰਨੀਆ ਵਿੱਚ ਸਿਟੀ ਕੌਂਸਲ ਦੇ ਚੈਮਬਰ ਵਿੱਚ ਆਯੋਜਿਤ ਹੋਣਗੀਆਂ।

ਧਾਰਾ **2.05.040** ਬਾਕਾਇਦਾ ਅਨੁਸੂਚਿਤ ਅਧਿਐਨ ਸੈਸ਼ਨਾਂ ਦਾ ਸਥਾਨ।

ਨੇਮੀ ਤੌਰ ‘ਤੇ ਤੈਅ ਅਧਿਐਨ ਸੈਸ਼ਨ ਫ੍ਰੀਮੌਂਟ ਸਿਟੀ ਹਾਲ, 3300 ਕੈਪੀਟਲ ਐਵੇਨਿਉ, ਫ੍ਰੀਮੌਂਟ, ਕੈਲੀਫੋਰਨੀਆ ਵਿੱਚ ਸਿਟੀ ਕੌਂਸਲ ਦੇ ਚੈਮਬਰ ਵਿੱਚ ਆਯੋਜਿਤ ਹੋਣਗੇ।

ਧਾਰਾ **2.05.050** ਕੌਂਸਲ ਦੀਆਂ ਵਿਸ਼ੇਸ਼ ਬੈਠਕਾਂ।

ਕਿਸੇ ਵੀ ਸਮੇਂ, ਚਾਰ ਸਿਟੀ ਕੌਂਸਲ ਦੇ ਮੈਂਬਰ, ਜਾਂ ਮੇਅਰ ਜਾਂ ਸ਼ਹਿਰ ਵਿੱਚ ਉਸਦੀ ਗ਼ੈਰ ਹਾਜ਼ਰੀ ਜਾਂ ਅਯੋਗਤਾ ਦੀ ਹਾਲਤ

ਵਿੱਚ, ਮੇਅਰ ਪ੍ਰੋ ਟੈਂਪੋਰ (ਅਸਥਾਈ ਮੇਅਰ), ਕੌਂਸਲ ਦੇ ਹਰ ਮੈਂਬਰ ਅਤੇ ਹਰ ਆਮ ਸਥਾਨਕ ਅਖ਼ਬਾਰ, ਰੇਡੀਓ ਜਾਂ ਟੈਲੀਵਿਜ਼ਨ ਸਟੇਸ਼ਨ ਨੂੰ ਲਿਖਤੀ ਨੋਟਿਸ ਜਾਰੀ ਕਰਕੇ ਅਤੇ ਸ਼ਹਿਰ ਦੀ ਵੈੱਬਸਾਈਟ 'ਤੇ ਨੋਟਿਸ ਪੋਸਟ ਕਰਕੇ ਵਿਸ਼ੇਸ਼ ਬੈਠਕ ਬੁਲਾ ਸਕਦਾ ਹੈ। ਨੋਟਿਸ ਵਿੱਚ ਦਰਸਾਈ ਗਈ ਅਹਿਜੀ ਬੈਠਕ ਦੇ ਸਮੇਂ ਤੋਂ ਘਟੋ-ਘੱਟ 24 ਘੰਟੇ ਪਹਿਲਾਂ ਅਜਿਹੇ ਨੋਟਿਸ ਨੂੰ ਵਿਅਕਤੀਗਤ ਰੂਪ ਵਿੱਚ ਜਾਂ ਕਿਸੇ ਹੋਰ ਢੰਗ ਨਾਲ ਪਹੁੰਚਾਇਆ ਜਾਣਾ ਚਾਹੀਦਾ ਹੈ। ਹਰ ਕੌਂਸਲ ਮੈਂਬਰ ਨੂੰ ਸਿਟੀ ਕਲਰਕ ਦੇ ਕੋਲ ਫ਼ਾਇਲ ਤੇ ਹਮੇਸ਼ਾ ਅਜਿਹਾ ਪਤਾ ਦਰਜ ਕਰਵਾਉਣਾ ਚਾਹੀਦਾ ਹੈ ਜਿਸ ਉੱਪਰ ਇੱਥੇ ਦਿੱਤੇ ਅਨੁਪਾਲਣ ਨੂੰ ਪੂਰਾ ਕਰਨ ਲਈ ਅਜਿਹੇ ਨੋਟਿਸ ਭੇਜੇ ਜਾ ਸਕਣ। ਕਾੱਲ ਅਤੇ ਨੋਟਿਸ ਵਿੱਚ ਖਾਸ ਬੈਠਕ ਦਾ ਸਮਾਂ ਅਤੇ ਸਥਾਨ ਅਤੇ ਕੀਤੇ ਜਾਣ ਵਾਲੇ ਕੰਮ ਬਾਰੇ ਦੱਸਣਾ ਚਾਹੀਦਾ ਹੈ। ਕੌਂਸਲ ਦੁਆਰਾ ਅਜਿਹੀਆਂ ਬੈਠਕਾਂ ਵਿੱਚ ਕਿਸੇ ਹੋਰ ਮਸਲੇ ‘ਤੇ ਵਿੱਚਾਰ ਨਹੀਂ ਕੀਤਾ ਜਾਵੇਗਾ। ਲਿਖਤੀ ਨੋਟਿਸ ਕੌਂਸਲ ਦੇ ਕਿਸੇ ਵੀ ਮੈਂਬਰ ਨੂੰ ਜਾਰੀ ਕੀਤਾ ਜਾ ਸਕਦਾ ਹੈ ਜੋ ਬੈਠਕ ਦੇ ਹੋਣ ਸਮੇਂ ਜਾਂ ਇਸ ਤੋਂ ਪਹਿਲਾਂ ਸਿਟੀ ਕਲਰਕ ਨੂੰ ਲਿਖਤ ਵਿੱਚ ਛੂਟ ਦਾ ਨੋਟਿਸ ਦਿੰਦਾ ਹੈ। ਛੂਟ ਦਾ ਨੋਟਿਸ ਟੇਲੀਗ੍ਰਾਮ ਦੁਆਰਾ ਦਿੱਤਾ ਜਾ ਸਕਦਾ ਹੈ। ਲਿਖਤੀ ਨੋਟਿਸ ਕਿਸੇ ਅਜਿਹੇ ਮੈਂਬਰ ਨੂੰ ਵੀ ਜਾਰੀ ਕੀਤਾ ਜਾ ਸਕਦਾ ਹੈ ਜੋ ਬੈਠਕ ਬੁਲਾਏ ਜਾਣ ਦੇ ਸਮੇਂ ਮੌਜੂਦ ਹੁੰਦਾ ਹੈ। ਸਾਰੀਆਂ ਵਿਸ਼ੇਸ਼ ਬੈਠਕਾਂ ਕੌਂਸਲ ਦੀਆਂ ਨੇਮੀ ਬੈਠਕਾਂ ਦੇ ਆਯੋਜਨ ਲਈ ਇਸ ਪਾਠ ਵਿੱਚ ਦੱਸੇ ਗਏ ਅਤੇ ਨੋਟਿਸ ਅਤੇ ਕਾੱਲ ਵਿੱਚ ਦਰਸਾਏ ਮੁਤਾਬਕ ਦਿੱਤੇ ਸਮੇਂ ਅਤੇ ਸਥਾਨ ‘ਤੇ ਆਯੋਜਿਤ ਕੀਤਿਆ ਜਾਣਗੀਆਂ।

ਧਾਰਾ **2.05.060** ਮੇਅਰ ਅਤੇ ਕੌਂਸਲ ਦੇ ਮੈਂਬਰਾਂ ਦਾ ਮੁਆਵਜ਼ਾ।

(a) ਮੇਅਰ ਤੋਂ ਇਲਾਵਾ ਕੌਂਸਲ ਦਾ ਹਰ ਮੈਂਬਰ $2,118.89 ਪ੍ਰਤੀ ਮਹੀਨਾ ਤਨਖਾਹ ਪ੍ਰਾਪਤ ਕਰੇਗਾ।

(b) ਮੇਅਰ ਹਰ ਮਹੀਨੇ $3,764.52 ਤਨਖਾਹ ਪ੍ਰਾਪਤ ਕਰੇਗਾ।

(c) ਹਰ ਬਜਟ ਚੱਕਰ ਦੇ ਦੌਰਾਨ ਮੁਆਵਜ਼ੇ ਵਿੱਚ ਹੋਏ ਵਾਧੇ ਦੀ ਸਮੀਖਿਆ ਕੀਤੀ ਜਾਵੇਗੀ ਅਤੇ ਵਾਧੇ ਨੂੰ ਖਪਤਕਾਰਾਂ ਦੇ ਕੀਮਤ ਸੂਚਕ ਦੇ ਸੰਦਰਭ ਵਿੱਚ ਵਿੱਚਾਰਿਆ ਜਾਵੇਗਾ - ਸਾਰੇ ਸ਼ਹਿਰੀ ਖਪਤਕਾਰਾਂ, ਸੈਨ ਫ੍ਰਾਂਸਿਸਕੋ-ਓਕਲੈਂਡ-ਸੈਨ ਹੋਜ਼ੇ ਲਈ ਇਹ ਚਾਰ ਪ੍ਰਤੀਸ਼ਤ ਤੋਂ ਵੱਧ ਨਹੀਂ ਹੋਣਾ ਚਾਹੀਦਾ। ਕੌਂਸਲ ਦੇ ਮੈਂਬਰਾਂ ਦੀ ਤਨਖਾਹ ਵਿੱਚ ਕੋਈ ਵੀ ਵਾਧਾ ਉਸ ਵਾਧੇ ਦੇ ਅਧਿਕਾਰਤ ਔਰਡਿਨੈਂਸ (ਫਰਮਾਨ) ਦੇ ਅਪਨਾਏ ਜਾਣ ਤੋਂ ਬਾਅਦ ਨਵੀਂ ਕੌਂਸਲ ਦੀ ਮਿਆਦ ਸ਼ੁਰੂ ਹੋਣ ‘ਤੇ ਲਾਗੂ ਹੋਵੇਗਾ। ਮੇਅਰ ਦੇ ਵਾਧੂ ਮੁਆਵਜੇ (ਕੌਂਸਲ ਦੇ ਮੈਂਬਰਾਂ ਦੀ ਤਨਖਾਹ ਦੀ ਰਕਮ ਤੋਂ ਵੱਧ ਦੀ ਰਕਮ) ਵਿੱਚ ਕੋਈ ਵੀ ਵਾਧਾ ਇਸ ਵਾਧੇ ਨੂੰ ਅਪਨਾਉਣ ਵਾਲੇ ਔਰਡਿਨੈਂਸ ਵਿੱਚ ਦਰਸਾਏ ਮੁਤਾਬਕ ਲਾਗੂ ਹੋਵੇਗਾ।

ਧਾਰਾ **2.05.070** ਅਦਾਇਗੀ/ਭਰਪਾਈ।

ਸੈਕਸ਼ਨ 2.05.060 ਵਿੱਚ ਕੌਂਸਲ ਦੇ ਮੈਂਬਰਾਂ ਲਈ ਦਰਸਾਈਆਂ ਗਈਆਂ ਤਨਖਾਹਾਂ ਸਿਟੀ ਲਈ ਦਫ਼ਤਰੀ ਡਿਊਟੀਆਂ ਨੂੰ ਕਰਨ ਵੇਲੇ ਹਰੇਕ ਮੈਂਬਰ ਵੱਲੋਂ ਕੀਤੇ ਗਏ ਅਸਲ ਅਤੇ ਜ਼ਰੂਰੀ ਖਰਚਿਆਂ ਲਈ ਕੀਤੀਆਂ ਅਦਾਇਗੀਆਂ ਤੋਂ ਵੱਖ ਹੋਣਗੀਆਂ।

ਧਾਰਾ **2.05.080** ਸਿਟੀ ਕੌਂਸਲ ਦੇ ਦਫਤਰਾਂ ਨੂੰ ਭਰਨ ਲਈ ਜਨਰਲ ਨਗਰਪਾਲਿਕਾ ਦੀ ਚੋਣ ਦੀ ਤਾਰੀਖ।

ਕੈਲੀਫੋਰਨੀਆ ਸਰਕਾਰੀ ਕੋਡ §36503 ਦੇ ਮੁਤਾਬਕ, ਫ੍ਰੀਮੌਂਟ ਸ਼ਹਿਰ ਦੀ ਆਮ ਨਗਰਨਿਗਮ ਦੀਆ ਚੋਣਾਂ ਕੈਲੀਫੋਰਨੀਆ ਦੀਆਂ ਚੋਣਾਂ (Cal. Elec.) ਵਿੱਚ ਦੱਸੇ ਮੁਤਾਬਕ ਰਾਜ ਭਰ ਵਿੱਚ ਹੋਣ ਵਾਲੀਆਂ ਆਮ ਚੋਣਾਂ ਵਾਲੇ ਦਿਨ ਹੀ ਹੋਣਗੀਆਂ। ਕੋਡ §1301 ।

ਸੰਪਾਦਕ ਵੱਲੋਂ ਨੋਟ**:** ਸੈਕਸ਼ਨ 2.05.080 ਮੂਲ ਰੂਪ ਵਿੱਚ ਅਧਿਆਦੇਸ਼ ਨੰਬਰ 1500 ਦੁਆਰਾ, ਅਪ੍ਰੈਲ 1982 ਵਿੱਚ ਫ੍ਰੀਮੌਂਟ ਸ਼ਹਿਰ ਦੇ ਵੋਟਰਾਂ ਦੀ ਸਲਾਹਕਾਰ ਵੋਟ ਦੇ ਬਾਅਦ ਅਪਣਾਇਆ ਗਿਆ ਸੀ, ਆਮ ਨਗਰਪਾਲਿਕਾ ਦੀ ਚੋਣ ਦੀ ਮਿਤੀ ਟਾਂਕ-ਸੰਖਿਆ ਵਾਲੇ ਸਾਲਾਂ ਵਿੱਚ ਅਪ੍ਰੈਲ ਤੋਂ ਜਿਸਤ-ਸੰਖਿਆ ਵਾਲੇ ਸਾਲਾਂ ਵਿੱਚ ਨਵੰਬਰ 'ਤੇ ਬਦਲ ਗਈ (ਇਸ ਵਿਵਸਥਾ ਦੇ ਤਹਿਤ ਪਹਿਲੀ ਚੋਣ ਨਵੰਬਰ, 1983, ਅਤੇ ਆਖਰੀ ਚੋਣ ਨਵੰਬਰ, 1991 ਵਿੱਚ ਆਯੋਜਿਤ ਕੀਤੀ ਗਈ)। ਸੈਕਸ਼ਨ 2.05.080 ਅਧਿਆਦੇਸ਼ ਨੰ. 1977 ਦੁਆਰਾ, ਨਵੰਬਰ 1991 ਵਿੱਚ ਫ੍ਰੀਮੌਂਟ ਸ਼ਹਿਰ ਦੇ ਵੋਟਰਾਂ ਵੱਲੋਂ ਪ੍ਰਵਾਨਗੀ ਦੇ ਅਧੀਨ ਸੋਧਿਆ ਗਿਆ ਸੀ, ਗੈਰ-ਸਲਾਹਕਾਰੀ ਉਪਾਅ ਲਈ ਬੰਨਵੀਂ ਚੋਣ, ਆਮ ਨਗਰਪਾਲਿਕਾ ਦੀ ਚੋਣ ਦੀ ਮਿਤੀ ਟਾਂਕ-ਸੰਖਿਆ ਵਾਲੇ ਸਾਲਾਂ ਵਿੱਚ ਅਪ੍ਰੈਲ ਤੋਂ ਪੂਰੇ ਰਾਜ ਵਿੱਚ ਆਮ ਚੋਣਾਂ ਦੀ ਨਿਰਧਾਰਤ ਮਿਤੀ 'ਤੇ ਬਦਲ ਗਈ, ਜੋ ਕਿ ਕੈਲੀ. ਚੋਣ (Cal. Elec.) ਕੋਡ §1301 ਦੀ ਪਾਲਣਾ ਦੇ ਅਨੁਸਾਰ ਹੈ, ਹਰ ਜਿਸਤ-ਸੰਖਿਆ ਵਾਲੇ ਸਾਲ ਵਿੱਚ ਨਵੰਬਰ ਦੇ ਪਹਿਲੇ ਸੋਮਵਾਰ ਤੋਂ ਬਾਅਦ ਪਹਿਲੇ ਮੰਗਲਵਾਰ ਨੂੰ ਆਯੋਜਿਤ ਕੀਤੀ ਜਾਂਦੀ ਹੈ (ਇਸ ਵਿਵਸਥਾ ਅਧੀਨ ਪਹਿਲੀ ਚੋਣ ਨਵੰਬਰ 1994 ਵਿੱਚ ਕੀਤੀ ਗਈ ਸੀ)। ਅਧਿਆਦੇਸ਼ ਨੰ. 1977 ਕੌਮੀ, ਰਾਜ, ਖੇਤਰੀ ਅਤੇ ਸਥਾਨਕ ਏਜੰਸੀ ਉਮੀਦਵਾਰਾਂ ਅਤੇ ਉਪਾਵਾਂ ਲਈ ਇਕੱਠੀ ਚੋਣਾਂ ਵਿੱਚ ਵੱਡੀ ਸੰਖਿਆ ਵਿੱਚ ਵੋਟਰਾਂ ਦੇ ਭਾਗ ਲੈਣ; ਇਕੱਠੀਆਂ ਚੋਣਾਂ ਦੀ ਲਾਗਤ 'ਤੇ ਹੋਣ ਵਾਲੇ ਫਾਇਦੇ; ਅਤੇ ਕਈ ਸਥਾਨਕ ਏਜੰਸੀਆਂ ਦੇ ਉਸੇ ਜਾਂ ਉਚਿਤ ਤੌਰ 'ਤੇ ਸਮਾਨ ਚੋਣਕਾਰ ਦੀਆਂ ਗਵਰਨਿੰਗ ਬੋਰਡ ਚੋਣਾਂ ਦੇ ਨਾਲ ਆਮ ਨਗਰਪਾਲਿਕਾ ਦੀਆਂ ਚੋਣਾਂ ਨੂੰ ਇਕੱਠਾ ਕਰਨ ਦੇ ਫਾਇਦਿਆਂ (1991 ਵਿੱਚ, ਇਸ ਵਿੱਚ ਅਲਮੀਡਾ ਕਾਉਂਟੀ ਦੀ ਵਾਟਰ ਡਿਸਟ੍ਰਿਕਟ, ਫ੍ਰੀਮੌਂਟ ਯੂਨੀਫਾਈਡ ਸਕੂਲੀ ਜ਼ਿਲਾ, ਫ੍ਰੀਮੌਂਟ-ਨੇਵਾਰਕ (ਓਹਲੋਨ) ਕਮਿਊਨਿਟੀ ਕਾਲਜ ਜ਼ਿਲ੍ਹਾ ਅਤੇ ਵਾਸ਼ਿੰਗਟਨ ਟਾਊਨਸ਼ਿਪ ਹਸਪਤਾਲ ਜ਼ਿਲ੍ਹਾ ਸ਼ਾਮਲ ਸਨ) ਸਮੇਤ ਆਮ ਨਗਰਨਿਗਮ ਦੀਆਂ ਚੋਣਾਂ ਦੀ ਤਾਰੀਖ ਨੂੰ ਪੂਰੇ ਰਾਜ ਵਿੱਚ ਆਮ ਚੋਣਾਂ ਵਾਲੇ ਦਿਨ 'ਤੇ ਬਦਲਣ ਦੇ ਸਮਰਥਨ ਵਿੱਚ ਕਈ ਤੱਥ ਨਿਰਧਾਰਤ ਕੀਤੇ ਗਏ।

ਧਾਰਾ **2.05.090** ਕੌਂਸਲ ਦੀਆਂ ਖਾਲੀ ਥਾਂਵਾਂ ਨੂੰ ਭਰਨਾ।

(a) ਜੇਕਰ ਕੌਂਸਲ ਦੇ ਮੈਂਬਰ ਦੇ ਦਫ਼ਤਰ ਵਿੱਚ ਕੋਈ ਨੌਕਰੀ ਨਿੱਕਲਦੀ ਹੈ, ਤਾਂ ਸਿਟੀ ਕੌਂਸਲ, ਨੌਕਰੀ ਨਿੱਕਲਣ ਦੇ 60 ਦਿਨਾਂ ਦੇ ਅੰਦਰ, ਨਿਯੁਕਤੀ ਦੁਆਰਾ ਜਾਂ ਖਾਸ ਵਿਅਕਤੀ ਨੂੰ ਸੰਪਰਕ ਕਰਕੇ ਖਾਲੀ ਥਾਂ ਨੂੰ ਭਰਿਆ ਜਾਂਦਾ ਹੈ। ਜੇਕਰ ਕੌਂਸਲ ਨਿਯੁਕਤੀ ਦੁਆਰਾ ਨੌਕਰੀ ਨੂੰ ਭਰਦੀ ਹੈ, ਤਾਂ ਨਿਯੁਕਤ ਕੀਤਾ ਗਿਆ ਵਿਅਕਤੀ ਕੌਂਸਲ ਵਾਲੇ ਜ਼ਿਲ੍ਹੇ ਵਿੱਚ ਰਹੇਗਾ, ਜਿੱਥੇ ਨੌਕਰੀ ਨਿੱਕਲੀ ਹੈ ਅਤੇ ਉਹ ਕੈਲੀਫੋਰਨੀਆ ਸਰਕਾਰ ਦੇ ਕੋਡ ਸੈਕਸ਼ਨ 36512(b)(2) ਵਿੱਚ ਦੱਸੇ ਮੁਤਾਬਕ ਦਫਤਰ ਦੀ ਸੰਭਾਲ ਕਰੇਗਾ।

(b) ਜੇਕਰ ਕੌਂਸਲ ਦੇ ਮੈਂਬਰ ਦੇ ਦਫ਼ਤਰ ਵਿੱਚ ਨੌਕਰੀ ਅਸਤੀਫ਼ੇ ਕਾਰਨ ਪੈਦਾ ਹੁੰਦੀ ਹੈ, ਤਾਂ ਅਸਤੀਫ਼ਾ ਦੇਣ ਵਾਲਾ ਸਿਟੀ ਕੌਂਸਲ ਦਾ ਮੈਂਬਰ ਨਿਯੁਕਤੀ 'ਤੇ ਆਪਣਾ ਮਤ ਦੇ ਸਕਦਾ ਹੈ ਜੇਕਰ ਅਸਤੀਫ਼ਾ ਕੈਲੀਫੋਰਨੀਆ ਸਰਕਾਰ ਦੇ ਕੋਡ ਸੈਕਸ਼ਨ 36512(e) ਵਿੱਚ ਨਿਰਧਾਰਤ ਸੀਮਾਵਾਂ ਦੇ ਅਧੀਨ ਉੱਤਰਾਧਿਕਾਰੀ ਦੀ ਨਿਯੁਕਤੀ ਤੋਂ ਬਾਅਦ ਲਾਗੂ ਹੋਵੇਗਾ।

(c) ਜੇਕਰ ਮੇਅਰ ਦੇ ਦਫ਼ਤਰ ਵਿੱਚ ਨੌਕਰੀ ਨਿੱਕਲਦੀ ਹੈ, ਤਾਂ ਕੌਂਸਲ ਕੈਲੀਫੋਰਨੀਆ ਸਰਕਾਰ ਦੇ ਕੋਡ ਸੈਕਸ਼ਨ 34902 ਦੇ ਮੁਤਾਬਕ ਨੌਕਰੀ ਨੂੰ ਨਿਯੁਕਤੀ ਨਾਲ ਭਰੇਗੀ। ਜੇਕਰ ਕੌਂਸਲ 60 ਦਿਨਾਂ ਦੇ ਅੰਦਰ ਖਾਲੀ ਥਾਂ ਭਰਨ

ਵਿੱਚ ਅਸਫਲ ਰਹਿੰਦੀ ਹੈ, ਤਾਂ ਇਹ ਉਸ ਤੋਂ ਬਾਅਦ 114 ਦਿਨਾਂ ਦੇ ਅੰਦਰ-ਅੰਦਰ ਚੋਣਾਂ ਲਈ ਨਿਯਤ ਦਿਨ 'ਤੇ ਖਾਲੀ ਸਥਾਨ ਲਈ ਚੋਣ ਆਯੋਜਿਤ ਕਰੇਗੀ। ਖਾਲੀ ਥਾਂ ਭਰਨ ਲਈ ਨਿਯੁਕਤ ਕੀਤਾ ਜਾਂ ਚੁਣਿਆ ਗਿਆ ਵਿਅਕਤੀ, ਪਿਛਲੇ ਪਦਧਾਰੀ ਵਿਅਕਤੀ ਦੇ ਦਫ਼ਤਰ ਨੂੰ ਅਸੀਮਤ ਮਿਆਦ ਲਈ ਸੰਭਾਲੇਗਾ।

(d) ਜੇਕਰ ਕੌਂਸਲ ਕੋਈ ਵਿਸ਼ੇਸ਼ ਚੋਣ ਆਯੋਜਿਤ ਕਰਦੀ ਹੈ, ਤਾਂ ਵਿਸ਼ੇਸ਼ ਚੋਣ ਤੋਂ ਬਾਅਦ 114 ਦਿਨਾਂ ਦੇ ਅੰਦਰ-ਅੰਦਰ ਅਗਲੇ ਨੇਮੀ ਦਿਨ 'ਤੇ ਵਿਸ਼ੇਸ਼ ਚੋਣ ਦੀ ਤਾਰੀਖ ਤੇ ਆਯੋਜਿਤ ਹੋਵੇਗੀ। ਖਾਲੀ ਥਾਂ ਭਰਨ ਲਈ ਚੁਣਿਆ ਗਿਆ ਵਿਅਕਤੀ ਕੌਂਸਲ ਵਾਲੇ ਜ਼ਿਲ੍ਹੇ ਵਿੱਚ ਰਹੇਗਾ ਜਿੱਥੇ ਨੌਕਰੀ ਨਿੱਕਲੀ ਹੈ ਅਤੇ ਪਿਛਲੇ ਪਦਧਾਰੀ ਵਿਅਕਤੀ ਦਾ ਦਫ਼ਤਰ ਅਸੀਮਤ ਮਿਆਦ ਲਈ ਸੰਭਾਲੇਗਾ।

ਧਾਰਾ **2**.05.100 ਮਿਆਦ ਦੀਆਂ ਸੀਮਾਵਾਂ।

(a) ਕੋਈ ਵੀ ਮੇਅਰ, ਜਿਸ ਨੇ ਲਗਾਤਾਰ ਅੱਠ ਸਾਲਾਂ ਤੱਕ ਮੇਅਰ ਦੇ ਤੌਰ 'ਤੇ ਸੇਵਾ ਕੀਤੀ ਹੈ, ਉਹ ਉਦੋਂ ਤੱਕ ਉਸ ਦਫ਼ਤਰ ਵਿੱਚ ਕਿਸੇ ਹੋਰ ਸੇਵਾ ਲਈ ਅਯੋਗ ਹੁੰਦਾ ਹੈ ਜਦੋਂ ਤੱਕ ਉਸਨੇ ਉਸ ਦਫ਼ਤਰ ਤੋਂ ਘੱਟ ਤੋਂ ਘੱਟ ਚਾਰ ਸਾਲਾਂ ਦੀ ਛੁੱਟੀ ਨਾ ਲਈ ਹੋਵੇ।

(a) ਕੋਈ ਵੀ ਕੌਂਸਲ ਮੈਂਬਰ, ਜਿਸ ਨੇ ਲਗਾਤਾਰ ਅੱਠ ਸਾਲਾਂ ਤੱਕ ਮੇਅਰ ਦੇ ਤੌਰ 'ਤੇ ਸੇਵਾ ਕੀਤੀ ਹੈ, ਉਹ ਉਦੋਂ ਤੱਕ ਉਸ ਦਫ਼ਤਰ ਵਿੱਚ ਕਿਸੇ ਹੋਰ ਸੇਵਾ ਲਈ ਅਯੋਗ ਹੁੰਦਾ ਹੈ ਜਦੋਂ ਤੱਕ ਉਸਨੇ ਉਸ ਦਫ਼ਤਰ ਤੋਂ ਘੱਟ ਤੋਂ ਘੱਟ ਚਾਰ ਸਾਲਾਂ ਦੀ ਛੁੱਟੀ ਨਾ ਲਈ ਹੋਵੇ।

(c) ਇਸ ਭਾਗ ਦੁਆਰਾ ਲਾਗੂ ਅਯੋਗਤਾਵਾਂ, ਉਸ ਵਿਅਕਤੀ ਨੂੰ ਇੱਕ ਮੇਅਰ ਤੋਂ ਲੈ ਕੇ ਕੌਂਸਲ ਦੇ ਮੈਂਬਰ ਵੱਜੋਂ ਸੇਵਾ ਕਰਨ ਤੋਂ ਨਹੀਂ ਰੋਕਣਗੀਆਂ ਜਾਂ ਕੌਂਸਲ ਦੇ ਮੈਂਬਰ ਤੋਂ ਲੈ ਕੇ ਮੇਅਰ ਵੱਜੋਂ ਸੇਵਾ ਅਦਾ ਕਰਨ ਤੋਂ ਬਰਖਾਸਤ ਕੀਤੇ ਗਏ ਵਿਅਕਤੀ ਨੂੰ ਨਹੀਂ ਰੋਕਣਗੀਆਂ। ਹਾਲਾਂਕਿ, ਕੋਈ ਵਿਅਕਤੀ, ਜਿਸ ਨੇ ਲਗਾਤਾਰ 16 ਸਾਲਾਂ ਤੱਕ ਮੇਅਰ ਜਾਂ ਕੌਂਸਲ ਮੈਂਬਰ ਦੇ ਦਫ਼ਤਰ ਵਿੱਚ ਸੇਵਾ ਕੀਤੀ ਹੈ, ਉਹ ਉਦੋਂ ਤੱਕ ਕਿਸੇ ਵੀ ਦਫ਼ਤਰ ਵਿੱਚ ਕਿਸੇ ਹੋਰ ਸੇਵਾ ਲਈ ਅਯੋਗ ਹੁੰਦਾ ਹੈ ਜਦੋਂ ਤੱਕ ਉਸਨੇ ਉਸ ਦਫ਼ਤਰ ਤੋਂ ਜਾਂ ਸੇਵਾ ਤੋਂ ਘੱਟ ਤੋਂ ਘੱਟ ਚਾਰ ਸਾਲਾਂ ਦੀ ਛੁੱਟੀ ਨਾ ਲਈ ਹੋਵੇ।

(d) ਸੇਵਾ ਵਿੱਚ ਇੱਕ ਪੂਰੇ ਕਾਰਜਕਾਲ ਤੋਂ ਘੱਟ ਬਿਤਾਇਆ ਗਿਆ ਸਮਾਂ ਕਿਸੇ ਵੀ ਦਫ਼ਤਰ ਵਿੱਚ ਬਿਤਾਏ ਲਗਾਤਾਰ ਸਮੇਂ ਵਿੱਚ ਨਹੀਂ ਗਿਣਿਆ ਜਾਵੇਗਾ।

(e) ਦਫ਼ਤਰ ਵਿੱਚ ਇਸ ਸੈਕਸ਼ਨ ਦੇ ਲਾਗੂ ਹੋਣ ਤੋਂ ਪਹਿਲਾਂ ਬਿਤਾਇਆ ਗਿਆ ਸਮਾਂ ਕਿਸੇ ਵੀ ਦਫ਼ਤਰ ਵਿੱਚ ਬਿਤਾਏ ਲਗਾਤਾਰ ਸਮੇਂ ਵਿੱਚ ਨਹੀਂ ਗਿਣਿਆ ਜਾਵੇਗਾ।

(f) ਸੇਵਾ ਅਦਾ ਕੀਤੇ ਗਏ ਸਾਲਾਂ ਦੀ ਗਿਣਤੀ ਕਰਨ ਵਿੱਚ, ਪੂਰੀ, ਚਾਰ ਸਾਲਾਂ ਦੀ ਮਿਆਦ ਨੂੰ ਚਾਰ ਸਾਲਾਂ ਦੀ ਸੇਵਾ ਦੇ

ਤੌਰ ‘ਤੇ ਸ਼ਾਮਲ ਕੀਤਾ ਜਾਵੇਗਾ ਭਾਵੇਂ ਸਮਾਂ ਚਾਰ ਸਾਲਾਂ ਦੀ ਮਿਆਦ ਤੋਂ ਵੱਧ ਹੀ ਕਿਉਂ ਨਾ ਹੋਵੇ।

ਧਾਰਾ **2.05.110** ਮੇਅਰ ਅਤੇ ਕੌਂਸਲ ਦੇ ਮੈਂਬਰਾਂ ਦੇ ਦਫ਼ਤਰ ਦੀ ਮਿਆਦ।

ਮੇਅਰ ਅਤੇ ਕੌਂਸਲ ਦੇ ਮੈਂਬਰਾਂ ਲਈ ਦਫ਼ਤਰ ਦੀ ਮਿਆਦ ਚਾਰ ਸਾਲਾਂ ਦੀ ਹੋਵੇਗੀ।

ਧਾਰਾ **2.05.120** ਛੇ ਸਿਟੀ ਕੌਂਸਲ ਮੈਂਬਰਾਂ ਲਈ ਜ਼ਿਲਾ-ਦੁਆਰਾ ਚੋਣ ਪ੍ਰਣਾਲੀ।

(a) ਕੈਲੀਫੋਰਨੀਆ ਸਰਕਾਰ ਦੇ ਕੋਡ ਭਾਗ 34886 ਅਤੇ 34871(c) ਦੇ ਤਹਿਤ, ਕੌਂਸਲ ਦੇ ਮੈਂਬਰ ਛੇ (6) ਇੱਕ-ਮੈਂਬਰ ਜ਼ਿਲ੍ਹਿਆਂ ਵਿੱਚ ਜ਼ਿਲ੍ਹੇਵਾਰ ਚੁਣੇ ਜਾਣਗੇ। ਮੇਅਰ ਨੂੰ ਪੂਰੇ ਸ਼ਹਿਰ ਵਿੱਚ ਹੋਣ ਵਾਲੀਆਂ ਵੱਖਰੀਆਂ ਚੋਣਾਂ ਦੁਆਰਾ ਚੁਣਿਆ ਜਾਵੇਗਾ।

(1) ਨਵੰਬਰ 2018 ਵਿੱਚ ਆਮ ਨਗਰ ਨਿਗਮ ਚੋਣਾਂ ਦੇ ਸ਼ੁਰੂ ਹੋਣ ਦੇ ਨਾਲ, ਕੌਂਸਲ ਦੇ ਮੈਂਬਰਾਂ ਨੂੰ ਉਹਨਾਂ ਚੋਣ ਖੇਤਰਾਂ ਵਿੱਚ ਚੁਣਿਆ ਜਾਵੇਗਾ ਜੋ ਸੈਕਸ਼ਨ 2.05.130 ਵਿੱਚ ਸਥਾਪਤ ਕੀਤੇ ਜਾਂਦੇ ਹਨ ਅਤੇ ਜਿਹਨਾਂ ਨੂੰ ਬਾਅਦ ਵਿੱਚ ਰਾਜ ਦੇ ਕਾਨੂੰਨਾਂ ਮੁਤਾਬਕ ਮੁਹੱਈਆ ਕਰਾਇਆ ਜਾਂਦਾ ਹੈ। ਚੋਣਾਂ ਕੈਲੀਫੋਰਨੀਆ ਸਰਕਾਰ ਦੇ ਕੋਡ ਸੈਕਸ਼ਨ 34871 ਵਿੱਚ ਪਰਿਭਾਸ਼ਿਤ ਕੀਤੇ ਅਨੁਸਾਰ ਜ਼ਿਲ੍ਹੇਵਾਰ ਅਧਾਰ ‘ਤੇ ਆਯੋਜਿਤ ਕੀਤੀਆਂ ਜਾਣਗੀਆਂ; ਜਿਸਦਾ ਅਰਥ ਹੈ ਕਿ ਸਿਟੀ ਕੌਂਸਲ ਦਾ ਇੱਕ ਮੈਂਬਰ, ਉਸ ਜ਼ਿਲ੍ਹੇ ਦੇ ਮੇਅਰ ਦੇ ਇਲਾਵਾ ਉੱਥੋਂ ਦੇ ਵੋਟਰਾਂ ਦੁਆਰਾ ਚੁਣਿਆ ਜਾਵੇਗਾ, ਜੋ ਕਿ ਸ਼ਹਿਰ ਭਰ ਵਿੱਚ ਚੁਣਿਆ ਜਾਂਦਾ ਹੈ। ਸੈਕਸ਼ਨ 2.05.110 ਦੇ ਮੁਤਾਬਕ, ਅਤੇ ਸੈਕਸ਼ਨ 2.05.140 (b) ਵਿੱਚ ਨਿਰਧਾਰਤ ਕਰਨ ਦੇ ਇਲਾਵਾ, ਮੇਅਰ ਸਮੇਤ ਕੌਂਸਲ ਦਾ ਹਰ ਇੱਕ ਮੈਂਬਰ, ਚਾਰ ਸਾਲ ਦੀ ਮਿਆਦ ਤੱਕ ਸੇਵਾ ਕਰੇਗਾ ਜਦੋਂ ਤੱਕ ਕਿ ਉਸ ਤੋਂ ਬਾਅਦ ਕੋਈ ਹੋਰ ਵਿਅਕਤੀ ਯੋਗ ਨਹੀਂ ਬਣ ਜਾਂਦਾ ਹੈ।

(2) ਉਪ-ਡਿਵਿਜ਼ਨ (b) (3) ਵਿੱਚ ਨਿਰਧਾਰਤ ਕੀਤੇ ਅਨੁਸਾਰ ਤੋਂ ਇਲਾਵਾ, ਇੱਕ ਜ਼ਿਲ੍ਹੇ ਦੀ ਨੁਮਾਇੰਦਗੀ ਲਈ ਚੁਣੇ ਗਏ ਕੌਂਸਲ ਦੇ ਮੈਂਬਰ ਦਾ ਉਸ ਜ਼ਿਲ੍ਹੇ ਵਿੱਚ ਰਹਿਣਾ ਜ਼ਰੂਰੀ ਹੈ ਅਤੇ ਉਸ ਜ਼ਿਲ੍ਹੇ ਦਾ ਇੱਕ ਰਜਿਸਟਰਡ ਵੋਟਰ ਹੋਣਾ ਜ਼ਰੂਰੀ ਹੈ, ਅਤੇ ਸਿਟੀ ਕੌਂਸਲ ਲਈ ਖੜ੍ਹੇ ਕਿਸੇ ਵੀ ਉਮੀਦਵਾਰ ਨੂੰ ਉਸ ਜ਼ਿਲ੍ਹੇ ਵਿੱਚ ਰਹਿਣਾ ਜ਼ਰੂਰੀ ਹੈ ਅਤੇ ਰਜਿਸਟਰਡ ਵੋਟਰ ਹੋਣਾ ਜ਼ਰੂਰੀ ਹੈ, ਜਿਸ ਜ਼ਿਲ੍ਹੇ ਵਿੱਚ ਉਸ ਨੇ ਕੈਲੀਫੋਰਨੀਆ ਸਰਕਾਰ ਦੇ ਕੋਡ ਸੈਕਸ਼ਨ 34882 ਅਤੇ ਚੋਣ ਕੋਡ ਦੇ ਸੈਕਸ਼ਨ 10227 ਦੇ ਸਬੰਧ ਵਿੱਚ ਨਾਮਜ਼ਦਗੀ ਕਾਗਜ਼ ਜਾਰੀ ਕੀਤੇ ਜਾਣ ਵੇਲੇ ਚੋਣਾਂ ਵਿੱਚ ਖੜ੍ਹਾ ਹੋਣ ਦੀ ਮੰਗ ਕੀਤੀ ਹੈ। ਕੌਂਸਲ ਦੀ ਮੈਂਬਰ ਦੁਆਰਾ ਇੱਕ ਜ਼ਿਲ੍ਹੇ ਵਿੱਚ ਰਿਹਾਇਸ਼ ਦੀ ਸਮਾਪਤੀ ਨਾਲ ਫੌਰਨ ਇੱਕ ਖਾਲੀ ਥਾਂ ਬਣ ਜਾਵੇਗੀ ਜਦੋਂ ਤੱਕ ਕਿ ਨਿਵਾਸ ਸਥਾਨ ਦੀ ਸਮਾਪਤੀ ਦੇ 30 ਦਿਨਾਂ ਤੋਂ ਅੰਦਰ ਜ਼ਿਲ੍ਹੇ ਵਿੱਚ ਬਦਲਵਾਂ ਨਿਵਾਸ ਸਥਾਨ ਸਥਾਪਤ ਨਾ ਹੋ ਜਾਵੇ।

(3) ਹੋਰ ਕਿਸੇ ਵੀ ਪ੍ਰਬੰਧ ਦੇ ਵਿਪਰੀਤ, ਇਸ ਪਾਠ ਦੇ ਲਾਗੂ ਹੋਣ ਦੇ ਸਮੇਂ ਤੇ ਕੌਂਸਲ ਦੇ ਮੈਂਬਰ ਉਹਨਾਂ ਲਈ ਚੁਣੇ ਗਏ ਸਮੇਂ ਦੀ ਮਿਆਦ ਪੁੱਗਣ ਤੱਕ ਦਫ਼ਤਰ ਵਿੱਚ ਸੇਵਾ ਅਦਾ ਕਰਨਗੇ ਜਾਂ ਜਦੋਂ ਤੱਕ ਉਹਨਾਂ ਦਾ ਉੱਤਰਾਅਧਿਕਾਰੀ ਯੋਗ ਨਹੀਂ ਹੋ ਜਾਂਦਾ ਹੈ। ਸੈਕਸ਼ਨ 2.05.090 ਦੇ ਬਾਵਜੂਦ, ਵੱਡੀ ਚੋਣਾਂ ਵਿੱਚ ਚੁਣੇ ਗਏ ਕੌਂਸਲ ਦਿਆਂ ਮੈਂਬਰਾਂ

ਦੀਆਂ ਨੌਕਰੀਆਂ ਨੂੰ ਸ਼ਹਿਰਾਂ ਵਿੱਚ ਵੱਡੀਆਂ ਚੋਣਾਂ ਰਾਹੀਂ ਭਰਿਆ ਜਾ ਸਕਦਾ ਹੈ। ਕੌਂਸਲ ਦੇ ਹਰ ਮੈਂਬਰ ਦੀ ਮਿਆਦ ਦੇ ਅੰਤ ਵਿੱਚ, ਉਸ ਮੈਂਬਰ ਦਾ ਉੱਤਰਾਧਿਕਾਰੀ ਭਾਗ 2.05.130 ਅਤੇ 2.05.140 ਵਿੱਚ ਦਿੱਤੇ ਮੁਤਾਬਕ ਸਥਾਪਤ ਜ਼ਿਲ੍ਹਿਆਂ ਵਿੱਚ ਜ਼ਿਲ੍ਹੇਵਾਰ ਆਧਾਰ 'ਤੇ ਚੁਣਿਆ ਜਾਵੇਗਾ। ਜ਼ਿਲ੍ਹੇਵਾਰ ਅਧਾਰ 'ਤੇ ਚੁਣੇ ਗਏ ਕੌਂਸਲ ਦੇ ਮੈਂਬਰ ਦਾ ਦਫ਼ਤਰ ਉਸ ਦਫ਼ਤਰ ਨੂੰ ਸੰਭਾਲਣ ਦੇ ਯੋਗ ਵਿਅਕਤੀ ਨੂੰ ਸੌਂਪ ਦਿੱਤਾ ਜਾਵੇਗਾ, ਜੋ ਕਿ ਉਸ ਜ਼ਿਲ੍ਹੇ ਦਾ ਨਿਵਾਸੀ ਹੁੰਦਾ ਹੈ।

ਧਾਰਾ **2.05.130** ਸਿਟੀ ਕੌਂਸਲ ਦੇ ਚੋਣਾਂ ਵਾਲੇ ਜ਼ਿਲ੍ਹਿਆਂ ਦੀ ਸਥਾਪਨਾ।

(ਅ) ਧਾਰਾ 2.05.120(b)(3) ਦੇ ਅਧੀਨ, ਕੌਂਸਲ ਦੇ ਸਦੱਸਾਂ ਨੂੰ ਕੌਂਸਲ ਦੇ ਜ਼ਿਲਿਆਂ ਤੋਂ ਇੱਕ "ਜ਼ਿਲ੍ਹਾ-ਦੁਆਰਾ" ਦੇ ਅਧਾਰ 'ਤੇ ਚੁਣਿਆ ਜਾਵੇਗਾ:

ਜ਼ਿਲ੍ਹਾ **1:**

ਸਿਟੀ ਆਫ਼ ਫ੍ਰੀਮੌਂਟ ਦੇ ਅੰਦਰ, ਕੈਲੀਫੋਰਨੀਆ ਸਟੇਟ ਹਾਈਵੇਅ 84 ਦੇ ਉੱਤਰ ਪੱਛਮੀ ਇਲਾਕਿਆਂ ਵਿੱਚ ਸਥਿਤ ਸਾਰੀਆਂ ਜ਼ਮੀਨਾਂ, ਜਿੰਨਾਂ ਨੂੰ ਡਿਕੋਟੋ ਰੋਡ ਵਜੋਂ ਵੀ ਜਾਣਿਆ ਜਾਂਦਾ ਹੈ।

ਜ਼ਿਲ੍ਹਾ **2:**

ਸਿਟੀ ਆਫ਼ ਫ੍ਰੀਮੌਂਟ ਦੇ ਉਹ ਸਾਰੇ ਹਿੱਸੇ ਜੋ ਹੇਠਲੀ ਸੀਮਾ ਦੇ ਅੰਦਰ ਪਾਏ ਜਾਂਦੇ ਹਨ, ਜਿਵੇਂ ਕਿ ਹੇਠਾਂ ਦੱਸਿਆ ਗਿਆ ਹੈ:

ਕੈਲੀਫੋਰਨੀਆ ਸਟੇਟ ਹਾਈਵੇਅ 84, ਜਿਸ ਨੂੰ ਡਿਕੋਟੋ ਰੋਡ ਵਜੋਂ ਵੀ ਜਾਣਿਆ ਜਾਂਦਾ ਹੈ, ਅਤੇ ਇੰਟਰਸਟੇਟ 880 ਦੇ ਇੰਟਰਸੈਕਸ਼ਨ ਤੋਂ ਲੈ ਕੇ, ਦੱਸਿਆ ਗਿਆ ਪੁਆਇੰਟ, ਸਿਟੀ ਆਫ਼ ਨੇਵਾਰਕ ਦੀ ਸੀਮਾ ਦੇ ਸਭ ਤੋਂ ਉੱਤਰੀ ਕੋਨੇ ਤੋਂ ਸ਼ੁਰੂ ਕਰਦਿਆਂ ਹੋਇਆਂ; ਉਸ ਤੋਂ ਬਾਅਦ ਉੱਤਰ-ਪੂਰਬ ਦਿਸ਼ਾ ਵਿੱਚ ਡਿਕੋਟੋ ਰੋਡ ਦੇ ਨਾਲ-ਨਾਲ ਐਲੇਮੀਡਾ ਕ੍ਰੀਕ ਦੇ ਚੌਂਕ ਤੱਕ, ਦੱਸੀ ਗਈ ਕ੍ਰੀਕ ਫ੍ਰੀਮੌਂਟ ਅਤੇ ਯੂਨਿਅਨ ਸਿਟੀ ਦੇ ਵਿਚਕਾਰ ਦੀ ਸੀਮਾ ਹੋਵੇਗੀ; ਇਸ ਤੋਂ ਬਾਅਦ ਉੱਤਰ-ਪੂਰਬੀ ਦਿਸ਼ਾ ਵਿੱਚ ਦੱਸੀ ਗਈ ਸੀਮਾ ਯੂਨੀਅਨ ਪੈਸੀਫਿਕ ਰੇਲ ਰੋਡ ਨਾਲ ਦੇ ਚੌਂਕ ਤੱਕ; ਉਸ ਤੋਂ ਬਾਅਦ ਦੱਖਣ-ਪੂਰਬ ਦਿਸ਼ਾ ਵਿੱਚ ਐਲੇਮੀਡਾ ਕ੍ਰੀਕ ਦੇ ਨਾਲ-ਨਾਲ ਦੱਸੀ ਗਈ ਲਾਈਨ ਤੱਕ; ਇਸ ਤੋਂ ਬਾਅਦ ਦੱਖਣ-ਪੱਛਮ ਵੱਲ ਦੱਸੀ ਗਈ ਕ੍ਰੀਕ ਤੋਂ ਐਪਲਟਰੀ ਕੋਰਟ ਦੇ ਪ੍ਰਸਤਾਵ ਤੱਕ; ਉਸ ਤੋਂ ਬਾਅਦ ਦੱਖਣੀ ਦਿਸ਼ਾ ਵਿੱਚ ਐਪਲਟਰੀ ਕੋਰਟ ਦੇ ਨਾਲ-ਨਾਲ ਰਿਵਰਵੌਕ ਡ੍ਰਾਈਵ ਦੇ ਚੌਂਕ ਤੱਕ; ਉਸ ਤੋਂ ਬਾਅਦ ਦੱਖਣ-ਪੱਛਮ ਦਿਸ਼ਾ ਵਿੱਚ ਰਿਵਰਵੌਕ ਡ੍ਰਾਈਵ ਦੇ ਨਾਲ-ਨਾਲ ਪੈਸਿਓ ਪਾਦਰੇ ਪਾਰਕਵੇਅ ਦੇ ਚੌਂਕ ਤੱਕ; ਉੱਥੋਂ ਦੱਖਣੀ ਪਾਸੇ ਪੈਸਿਓ ਪਾਦਰੇ ਪਾਰਕਵੇਅ ਦੇ ਨਾਲ-ਨਾਲ ਹਾਈਵੇ 84, ਜਿਸ ਨੂੰ ਪੈਰਾਲਾਟਾ ਬੁਲੇਵਾਰਡ ਵੀ ਕਿਹਾ ਜਾਂਦਾ ਹੈ, ਦੇ ਚੌਂਕ ਤੱਕ; ਉਸ ਤੋਂ ਬਾਅਦ ਦੱਖਣ-ਪੱਛਮ ਦਿਸ਼ਾ ਵਿੱਚ ਪੈਰਾਲਾਟਾ ਬੁਲੇਵਾਰਡ ਦੇ ਨਾਲ-ਨਾਲ ਪੈਰੀਸ਼ ਐਵਨਿਊ ਦੇ ਚੌਂਕ ਤੱਕ; ਉਸ ਤੋਂ ਬਾਅਦ ਦੱਖਣ-ਪੱਛਮ ਦਿਸ਼ਾ ਵਿੱਚ ਪੈਰੀਸ਼ ਐਵਨਿਊ ਦੇ ਨਾਲ-ਨਾਲ ਫ੍ਰੀਮੌਂਟ ਬੁਲੇਵਾਰਡ ਦੇ ਚੌਂਕ ਤੱਕ; ਉਸ ਤੋਂ ਬਾਅਦ ਦੱਖਣ-ਪੱਛਮ ਦਿਸ਼ਾ ਵਿੱਚ ਫ੍ਰੀਮੌਂਟ ਬੁਲੇਵਾਰਡ ਦੇ ਨਾਲ-ਨਾਲ ਐਗਰਸ ਡ੍ਰਾਇਵ ਦੇ ਚੌਂਕ ਤੱਕ; ਉਸ ਤੋਂ ਬਾਅਦ ਦੱਖਣ-ਪੱਛਮ ਦਿਸ਼ਾ ਵਿੱਚ ਐਗਰਸ ਡ੍ਰਾਇਵ ਦੇ ਨਾਲ-ਨਾਲ ਲੋਗਨ ਡ੍ਰਾਈਵ ਦੇ ਚੌਂਕ ਤੱਕ; ਉਸ ਤੋਂ ਬਾਅਦ ਦੱਖਣ-

ਪੱਛਮ ਦਿਸ਼ਾ ਵਿੱਚ ਲੋਗਨ ਡ੍ਰਾਈਵ ਦੇ ਨਾਲ-ਨਾਲ ਰਿਚਮੰਡ ਐਵਨਿਊ ਦੇ ਚੌਂਕ ਤੱਕ; ਉਸ ਤੋਂ ਬਾਅਦ ਦੱਖਣ-ਪੱਛਮ ਦਿਸ਼ਾ ਵਿੱਚ ਰਿਚਮੰਡ ਐਵਨਿਊ ਦੇ ਨਾਲ-ਨਾਲ ਬਲਾਕੋ ਰੋਡ ਦੇ ਚੌਂਕ ਤੱਕ; ਉਸ ਤੋਂ ਬਾਅਦ ਦੱਖਣ-ਪੱਛਮ ਦਿਸ਼ਾ ਵਿੱਚ ਬਲਾਕੋ ਰੋਡ ਦੇ ਨਾਲ-ਨਾਲ ਮਾਊਰੀ ਐਵੇਨਿਊ ਦੇ ਚੌਂਕ ਤੱਕ; ਉਸ ਤੋਂ ਬਾਅਦ ਦੱਖਣ-ਪੱਛਮ ਦਿਸ਼ਾ ਵਿੱਚ ਮਾਊਰੀ ਐਵੇਨਿਊ ਦੇ ਨਾਲ-ਨਾਲ ਇੰਟਰਸਟੇਟ 880 ਦੇ ਚੌਂਕ ਤੱਕ; ਉਸ ਤੋਂ ਬਾਅਦ ਉੱਤਰ-ਪੱਛਮ ਦਿਸ਼ਾ ਵਿੱਚ ਇੰਟਰਸਟੇਟ 880 ਤੋਂ ਲੈਕੇ ਸ਼ੁਰੂਆਤੀ ਬਿੰਦੂ ਤੱਕ।

ਜ਼ਿਲ੍ਹਾ 3:

ਸਿਟੀ ਆਫ਼ ਫ੍ਰੀਮੌਂਟ ਦੇ ਉਹ ਸਾਰੇ ਹਿੱਸੇ ਜੋ ਹੇਠਲੀ ਸੀਮਾ ਦੇ ਅੰਦਰ ਪਾਏ ਜਾਂਦੇ ਹਨ, ਜਿਵੇਂ ਕਿ ਹੇਠਾਂ ਦੱਸਿਆ ਗਿਆ ਹੈ:

ਸਿਟੀ ਆਫ਼ ਨੇਵਾਰਕ ਦੀ ਸੀਮਾ ਵਿੱਚ ਸਭ ਤੋਂ ਪੂਰਬੀ ਕਿਨਾਰੇ ਤੋਂ ਸ਼ੁਰੂ ਕਰਦੇ ਹੋਏ, ਦੱਸਿਆ ਗਿਆ ਪੁਆਇੰਟ, ਸਟੀਵਨ ਬੁਲੇਵਾਰਡ ਅਤੇ ਇੰਟਰਸਟੇਟ 880 ਦੇ ਚੌਂਕ ਵਿੱਚ ਹੈ; ਉਸ ਤੋਂ ਬਾਅਦ ਉੱਤਰ-ਪੂਰਬ ਦਿਸ਼ਾ ਵਿੱਚ ਸਟੀਵਨ ਬੁਲੇਵਾਰਡ ਦੇ ਨਾਲ-ਨਾਲ ਪੈਸਿਓ ਪਾਦਰੇ ਪਾਰਕਵੇਅ ਦੇ ਚੌਂਕ ਤੱਕ, ਇਸ ਤੋਂ ਬਾਅਦ ਉੱਤਰ-ਪੂਰਬੀ ਦਿਸ਼ਾ ਵਿੱਚ ਪੈਸਿਓ ਪਾਦਰੇ ਪਾਰਕਵੇਅ ਦੇ ਨਾਲ-ਨਾਲ ਵੌਲਨਟ ਐਵਨਿਊ ਦੇ ਚੌਂਕ ਤੱਕ; ਉਸ ਤੋਂ ਬਾਅਦ ਉੱਤਰ-ਪੂਰਬੀ ਦਿਸ਼ਾ ਵਿੱਚ ਵੌਲਨਟ ਐਵਨਿਊ ਦੇ ਨਾਲ-ਨਾਲ ਸਿਵਿਕ ਸੈਂਟਰ ਡਰਾਈਵ ਦੇ ਚੌਂਕ ਤੱਕ; ਇਸ ਤੋਂ ਬਾਅਦ ਉੱਤਰੀ-ਪੱਛਮ ਵਿੱਚ ਸਿਵਿਕ ਸੈਂਟਰ ਡਰਾਈਵ ਦੇ ਨਾਲ-ਨਾਲ ਮਾਊਰੀ ਐਵਨਿਊ ਦੇ ਚੌਂਕ ਤੱਕ; ਉਸ ਤੋਂ ਬਾਅਦ ਉੱਤਰੀ-ਪੱਛਮ ਵਿੱਚ ਮਾਊਰੀ ਐਵਨਿਊ ਦੇ ਨਾਲ-ਨਾਲ ਸਟੇਟ ਹਾਈਵੇਅ 238 ਦੇ ਚੌਂਕ ਤੱਕ, ਜਿਸਨੂੰ ਮਿਸ਼ਨ ਬੁਲੇਵਾਰਡ ਦੇ ਨਾਂ ਤੋਂ ਵੀ ਜਾਣਿਆ ਜਾਂਦਾ ਹੈ; ਉਸ ਤੋਂ ਬਾਅਦ ਉੱਤਰੀ-ਪੱਛਮ ਦਿਸ਼ਾ ਵਿੱਚ ਮਿਸ਼ਨ ਬੁਲੇਵਾਰਡ ਦੇ ਨਾਲ-ਨਾਲ ਯੂਨੀਅਨ ਪੈਸੀਫ਼ਿਕ ਰੇਲਰੋਡ ਦੇ ਚੌਂਕ ਤੱਕ; ਉੱਥੋਂ ਦੱਖਣੀ-ਪੂਰਬੀ ਦਿਸ਼ਾ ਵਿੱਚ ਯੂਨੀਅਨ ਪੈਸੀਫ਼ਿਕ ਰੇਲਰੋਡ ਦੇ ਨਾਲ-ਨਾਲ ਐਲਾਮੀਡਾ ਕ੍ਰੀਕ ਦੇ ਚੌਂਕ ਤੱਕ; ਉਸ ਤੋਂ ਬਾਅਦ ਦੱਖਣ-ਪੱਛਮ ਦਿਸ਼ਾ ਵਿੱਚ ਦੱਸੀ ਗਈ ਕ੍ਰੀਕ ਦੇ ਨਾਲ-ਨਾਲ ਐਪੱਲਟ੍ਰੀ ਕੋਰਟ ਦੇ ਪ੍ਰਸਤਾਵ ਤੱਕ; ਉਸ ਤੋਂ ਬਾਅਦ ਦੱਖਣੀ ਦਿਸ਼ਾ ਵਿੱਚ ਐਪੱਲਟ੍ਰੀ ਕੋਰਟ ਦੇ ਨਾਲ-ਨਾਲ ਰਿਵਰਵੌਕ ਡਰਾਈਵ ਦੇ ਚੌਂਕ ਤੱਕ; ਉਸ ਤੋਂ ਬਾਅਦ ਦੱਖਣ-ਪੱਛਮ ਦਿਸ਼ਾ ਵਿੱਚ ਰਿਵਰਵੌਕ ਡਰਾਈਵ ਦੇ ਨਾਲ-ਨਾਲ ਪੈਸਿਓ ਪਾਦਰੇ ਪਾਰਕਵੇਅ ਦੇ ਚੌਂਕ ਤੱਕ; ਉਸ ਤੋਂ ਬਾਅਦ ਦੱਖਣੀ ਦਿਸ਼ਾ ਵਿੱਚ ਪੈਸਿਓ ਪਾਅਦਰੇ ਪਾਰਕਵੇਅ ਦੇ ਨਾਲ-ਨਾਲ ਹਾਈਵੇਅ 84 ਦੇ ਚੌਂਕ ਤੱਕ, ਜਿਸਨੂੰ ਪੈਰਾਲਟਾ ਬੁਲੇਵਾਰਡ ਦੇ ਨਾਂ ਤੋਂ ਵੀ ਜਾਣਿਆ ਜਾਂਦਾ ਹੈ; ਉਸ ਤੋਂ ਬਾਅਦ ਦੱਖਣ-ਪੱਛਮ ਦਿਸ਼ਾ ਵਿੱਚ ਪੈਰਾਲਟਾ ਬੁਲੇਵਾਰਡ ਦੇ ਨਾਲ-ਨਾਲ ਪੈਰਿਸ਼ ਐਵਨਿਊ ਦੇ ਚੌਂਕ ਤੱਕ; ਉਸ ਤੋਂ ਬਾਅਦ ਦੱਖਣ-ਪੱਛਮ ਦਿਸ਼ਾ ਵਿੱਚ ਪੈਰਿਸ਼ ਐਵਨਿਊ ਦੇ ਨਾਲ-ਨਾਲ ਫ੍ਰੀਮੌਂਟ ਬੁਲੇਵਾਰਡ ਦੇ ਚੌਂਕ ਤੱਕ; ਉਸ ਤੋਂ ਬਾਅਦ ਦੱਖਣ-ਪੂਰਬੀ ਦਿਸ਼ਾ ਵਿੱਚ ਫ੍ਰੀਮੌਂਟ ਬੁਲੇਵਾਰਡ ਦੇ ਨਾਲ-ਨਾਲ ਐਗਰਸ ਡਰਾਈਵ ਦੇ ਚੌਂਕ ਤੱਕ; ਉਸ ਤੋਂ ਬਾਅਦ ਦੱਖਣ-ਪੱਛਮ ਦਿਸ਼ਾ ਵਿੱਚ ਐਗਰਸ ਡਰਾਈਵ ਦੇ ਨਾਲ-ਨਾਲ ਲੋਗਨ ਡਰਾਈਵ ਦੇ ਚੌਂਕ ਤੱਕ; ਉਸ ਤੋਂ ਬਾਅਦ ਦੱਖਣ-ਪੂਰਬੀ ਦਿਸ਼ਾ ਵਿੱਚ ਲੋਗਨ ਡਰਾਈਵ ਤੋਂ ਲੈਕੇ ਰਿਚਮੰਡ ਐਵਨਿਊ ਦੇ ਚੌਂਕ ਤੱਕ; ਉਸ ਤੋਂ ਬਾਅਦ ਦੱਖਣ-ਪੱਛਮ ਦਿਸ਼ਾ ਵਿੱਚ ਰਿਚਮੰਡ ਐਵਨਿਊ ਦੇ ਨਾਲ-ਨਾਲ ਬਲਾਕੋ ਰੋਡ ਦੇ ਚੌਂਕ ਤੱਕ; ਉਸ ਤੋਂ ਬਾਅਦ ਦੱਖਣ-ਪੂਰਬੀ ਦਿਸ਼ਾ ਵਿੱਚ ਬਲਾਕੋ ਰੋਡ ਦੇ ਨਾਲ-ਨਾਲ ਮਾਊਰੀ ਐਵਨਿਊ ਦੇ ਚੌਂਕ ਤੱਕ; ਉਸ ਤੋਂ ਬਾਅਦ ਦੱਖਣ-ਪੱਛਮ ਦਿਸ਼ਾ ਵਿੱਚ ਮਾਊਰੀ ਐਵਨਿਊ ਦੇ ਨਾਲ-ਨਾਲ ਇੰਟਰਸਟੇਟ 880 ਦੇ ਚੌਂਕ ਤੱਕ; ਉਸ ਤੋਂ ਬਾਅਦ ਦੱਖਣ-ਪੂਰਬੀ ਦਿਸ਼ਾ ਵਿੱਚ ਇੰਟਰਸਟੇਟ 880 ਦੇ ਨਾਲ-ਨਾਲ ਸ਼ੁਰੂਆਤੀ ਬਿੰਦੂ ਤੱਕ।

ਜ਼ਿਲ੍ਹਾ **4:**

ਸਿਟੀ ਆਫ਼ ਫ੍ਰੀਮੌਂਟ ਦੇ ਉਹ ਸਾਰੇ ਹਿੱਸੇ ਜੋ ਹੇਠਾਂ ਦੱਸੀ ਗਈ ਲਾਈਨ ਦੇ ਉੱਤਰੀ ਅਤੇ ਪੂਰਬੀ ਪਾਸੇ ਵੱਲ ਸਥਿਤ ਹਨ:

ਸਿਟੀ ਆਫ਼ ਨੇਵਾਰਕ ਦੀ ਸੀਮਾ ਵਿੱਚ ਉੱਤਰੀ-ਪੂਰਬੀ ਸੀਮਾ ਦੇ ਨਾਲ-ਨਾਲ ਇੰਟਰਸਟੇਟ 680 ਦੇ ਚੌਂਕ ਤੋਂ ਸ਼ੁਰੂ ਕਰਦੇ ਹੋਏ; ਉਸ ਤੋਂ ਬਾਅਦ ਦੱਖਣ-ਪੂਰਬੀ ਦਿਸ਼ਾ ਵਿੱਚ ਵਾਸ਼ਿੰਗਟਨ ਬੁਲੇਵਾਰਡ ਦੇ ਚੌਂਕ ਤੱਕ, ਇਸ ਤੋਂ ਬਾਅਦ ਉੱਤਰੀ ਦਿਸ਼ਾ ਵਿੱਚ ਵਾਸ਼ਿੰਗਟਨ ਬੁਲੇਵਾਰਡ ਦੇ ਨਾਲ-ਨਾਲ ਡ੍ਰਿਸਕਓਲ ਰੋਡ ਦੇ ਚੌਂਕ ਤੱਕ; ਉਸ ਤੋਂ ਬਾਅਦ ਉੱਤਰ-ਪੂਰਬੀ ਦਿਸ਼ਾ ਵਿੱਚ ਡ੍ਰਿਸਕਓਲ ਰੋਡ ਦੇ ਨਾਲ-ਨਾਲ ਪੈਸਿਓ ਪਾਦਰੇ ਪਾਰਕਵੇਅ ਦੇ ਚੌਂਕ ਤੱਕ; ਇਸ ਤੋਂ ਬਾਅਦ ਉੱਤਰੀ-ਪੱਛਮ ਵਿੱਚ ਪੈਸਿਓ ਪਾਦਰੇ ਪਾਰਕਵੇਅ ਦੇ ਨਾਲ-ਨਾਲ ਵੌਲਨੱਟ ਐਵਨਿਊ ਦੇ ਚੌਂਕ ਤੱਕ; ਉਸ ਤੋਂ ਬਾਅਦ ਉੱਤਰੀ-ਪੂਰਬੀ ਦਿਸ਼ਾ ਵਿੱਚ ਵੌਲਨੱਟ ਐਵਨਿਊ ਦੇ ਨਾਲ-ਨਾਲ ਸਿਵਿਕ ਸੈਂਟਰ ਡਰਾਈਵ ਦੇ ਚੌਂਕ ਤੱਕ, ਉਸ ਤੋਂ ਬਾਅਦ ਉੱਤਰੀ-ਪੱਛਮੀ ਦਿਸ਼ਾ ਵਿੱਚ ਸਿਵਿਕ ਸੈਂਟਰ ਡਰਾਈਵ ਦੇ ਨਾਲ-ਨਾਲ ਮਾਊਰੀ ਐਵਨਿਊ ਦੇ ਚੌਂਕ ਤੱਕ; ਉਸ ਤੋਂ ਬਾਅਦ ਉੱਤਰੀ-ਪੂਰਬੀ ਦਿਸ਼ਾ ਵਿੱਚ ਮਾਊਰੀ ਐਵਨਿਊ ਦੇ ਨਾਲ-ਨਾਲ ਸਟੇਟ ਹਾਈਵੇਅ 238 ਦੇ ਚੌਂਕ ਤੱਕ, ਜਿਸਨੂੰ ਮਿਸ਼ਨ ਬੁਲੇਵਾਰਡ ਦੇ ਨਾਂ ਤੋਂ ਵੀ ਜਾਣਿਆ ਜਾਂਦਾ ਹੈ; ਉਸ ਤੋਂ ਬਾਅਦ ਉੱਤਰੀ-ਪੱਛਮ ਦਿਸ਼ਾ ਵਿੱਚ ਮਿਸ਼ਨ ਬੁਲੇਵਾਰਡ ਦੇ ਨਾਲ-ਨਾਲ ਯੂਨੀਅਨ ਪੈਸੀਫ਼ਿਕ ਰੇਲਰੋਡ ਦੇ ਚੌਂਕ ਤੱਕ; ਉੱਥੋਂ ਦੱਖਣੀ-ਪੂਰਬੀ ਦਿਸ਼ਾ ਅਤੇ ਉੱਤਰੀ-ਪੱਛਮੀ ਦਿਸ਼ਾ ਵਿੱਚ ਦੱਸੀ ਗਈ ਰੇਲਰੋਡ ਲਾਈਨ ਤੋਂ ਸਿਟੀ ਆਫ਼ ਫ੍ਰੀਮੌਂਟ ਦੀ ਸੀਮਾ ਦੇ ਚੌਂਕ ਤੱਕ।

ਇਸ ਦਸਤਾਵੇਜ਼ ਵਿੱਚ ਦਰਸਾਏ ਅਨੁਸਾਰ ਜ਼ਿਲ੍ਹੇ 2 ਅਤੇ 5 ਤੋਂ ਇਲਾਵਾ, ਇਸ ਨੂੰ ਛੱਡ ਕੇ।

ਜ਼ਿਲ੍ਹਾ **5:**

ਸਿਟੀ ਆਫ਼ ਫ੍ਰੀਮੌਂਟ ਦੇ ਉਹ ਸਾਰੇ ਹਿੱਸੇ ਜੋ ਹੇਠਾਂ ਦੱਸੀ ਗਈ ਲਾਈਨ ਦੇ ਦੱਖਣੀ ਪਾਸੇ ਵੱਲ ਸਥਿਤ ਹਨ:

ਸਿਟੀ ਆਫ਼ ਨੇਵਾਰਕ ਦੀ ਸੀਮਾ ਵਿੱਚ ਸਭ ਤੋਂ ਪੂਰਬੀ ਕਿਨਾਰੇ ਤੋਂ ਸ਼ੁਰੂ ਕਰਦੇ ਹੋਏ, ਦੱਸਿਆ ਗਿਆ ਪੁਆਇੰਟ, ਸਟੀਵਨ ਬੁਲੇਵਾਰਡ ਅਤੇ ਇੰਟਰਸਟੇਟ 880 ਦੇ ਚੌਂਕ ਵਿੱਚ ਹੈ; ਉਸ ਤੋਂ ਬਾਅਦ ਦੱਖਣ-ਪੂਰਬ ਦਿਸ਼ਾ ਵਿੱਚ ਇੰਟਰਸਟੇਟ 880 ਦੇ ਨਾਲ-ਨਾਲ ਆਟੋ ਮੌਲ ਪਾਰਕਵੇਅ ਦੇ ਚੌਂਕ ਤੱਕ, ਇਸ ਤੋਂ ਬਾਅਦ ਉੱਤਰ-ਪੂਰਬੀ ਦਿਸ਼ਾ ਵਿੱਚ ਆਟੋ ਮੌਲ ਪਾਰਕਵੇਅ ਦੇ ਨਾਲ-ਨਾਲ ਇੰਟਰਸਟੇਟ 680 ਦੇ ਚੌਂਕ ਤੱਕ; ਇਸ ਤੋਂ ਬਾਅਦ ਉੱਤਰ-ਪੂਰਬੀ ਦਿਸ਼ਾ ਵਿੱਚ ਇੰਟਰਸਟੇਟ 680 ਦੇ ਨਾਲ-ਨਾਲ ਸਿਟੀ ਆਫ਼ ਫ੍ਰੀਮੌਂਟ ਦੇ ਚੌਂਕ ਤੱਕ।

ਜ਼ਿਲ੍ਹਾ **6:**

ਸਿਟੀ ਆਫ਼ ਫ੍ਰੀਮੌਂਟ ਦੇ ਉਹ ਸਾਰੇ ਹਿੱਸੇ ਜੋ ਹੇਠਲੀ ਸੀਮਾ ਦੇ ਅੰਦਰ ਪਾਏ ਜਾਂਦੇ ਹਨ, ਜਿਵੇਂ ਕਿ ਹੇਠਾਂ ਦੱਸਿਆ ਗਿਆ ਹੈ:

ਵਾਸ਼ਿੰਗਟਨ ਬੁਲੇਵਾਰਡ ਅਤੇ ਇੰਟਰਸਟੇਟ 680 ਦੇ ਚੌਂਕ ਤੋਂ ਸ਼ੁਰੂ ਕਰਦੇ ਹੋਏ; ਉਸ ਤੋਂ ਬਾਅਦ ਦੱਖਣੀ ਦਿਸ਼ਾ ਵਿੱਚ ਇੰਟਰਸਟੇਟ 680 ਦੇ ਨਾਲ-ਨਾਲ ਆਟੋ ਮਾਲ ਪਾਰਕਵੇਅ ਦੇ ਚੌਂਕ ਤੱਕ, ਇਸ ਤੋਂ ਬਾਅਦ ਦੱਖਣ-ਪੱਛਿਮ ਦਿਸ਼ਾ ਵਿੱਚ ਆਟੋ

ਮਾਲ ਪਾਰਕਵੇਅ ਦੇ ਨਾਲ-ਨਾਲ ਇੰਟਰਸਟੇਟ 880 ਦੇ ਚੌਂਕ ਤੱਕ; ਉਸ ਤੋਂ ਬਾਅਦ ਉੱਤਰ-ਪੱਛਿਮੀ ਦਿਸ਼ਾ ਵਿੱਚ ਇੰਟਰਸਟੇਟ 880 ਦੇ ਨਾਲ-ਨਾਲ ਸਟੀਵਨ ਬੁਲੇਵਾਰਡ ਦੇ ਚੌਂਕ ਤੱਕ; ਇਸ ਤੋਂ ਬਾਅਦ ਉੱਤਰ-ਪੂਰਬੀ ਦਿਸ਼ਾ ਵਿੱਚ ਸਟੀਵਨ ਬੁਲੇਵਾਰਡ ਦੇ ਨਾਲ-ਨਾਲ ਪੈਸਿਓ ਪਾਦਰੇ ਪਾਰਕਵੇਅ ਦੇ ਚੌਂਕ ਤੱਕ; ਉਸ ਤੋਂ ਬਾਅਦ ਦੱਖਣ-ਪੂਰਬੀ ਦਿਸ਼ਾ ਵਿੱਚ ਪੈਸਿਓ ਪਾਦਰੇ ਪਾਰਕਵੇਅ ਦੇ ਨਾਲ-ਨਾਲ ਡ੍ਰਿਸਕੋਲ ਰੋਡ ਦੇ ਚੌਂਕ ਤੱਕ; ਉਸ ਤੋਂ ਬਾਅਦ ਦੱਖਣ-ਪੱਛਿਮੀ ਦਿਸ਼ਾ ਵਿੱਚ ਡ੍ਰਿਸਕੋਲ ਰੋਡ ਦੇ ਨਾਲ-ਨਾਲ ਵਾਸ਼ਿੰਗਟਨ ਬੁਲੇਵਾਰਡ ਦੇ ਚੌਂਕ ਤੱਕ; ਉਸ ਤੋਂ ਬਾਅਦ ਪੂਰਬੀ ਦਿਸ਼ਾ ਵਿੱਚ ਵਾਸ਼ਿੰਗਟਨ ਬੁਲੇਵਾਰਡ ਤੋਂ ਸ਼ੁਰੂਆਤੀ ਬਿੰਦੂ ਤੱਕ।

(b) ਉਪ-ਵਿਧਾਨ (a) ਵਿੱਚ ਦੱਸੇ ਗਏ ਕੌਂਸਲ ਜ਼ਿਲ੍ਹੇ ਉਦੋਂ ਤਕ ਜਾਰੀ ਰਹਿਣਗੇ ਜਦੋਂ ਤਕ ਉਹ ਕਾਨੂੰਨ ਅਨੁਸਾਰ ਸੋਧ ਜਾਂ ਰੱਦ ਨਹੀਂ ਕਰ ਦਿੱਤੇ ਜਾਂਦੇ।

ਧਾਰਾ **2.05.140** ਜ਼ਿਲ੍ਹੇ ਦੇ ਅਧਾਰ ਤੇ ਚੁਣੇ ਹੋਏ ਕੌਂਸਲ ਦੇ ਸਦੱਸਿਆਂ ਲਈ ਚੋਣਾਂ ਦੀ ਸਮਾਂ-ਸਾਰਣੀ।

(a) ਕੌਂਸਲ ਜ਼ਿਲ੍ਹਿਆਂ 1, 2, 3, ਅਤੇ 4 ਦੇ ਕੌਂਸਲ ਦੇ ਮੈਂਬਰਾਂ ਨੂੰ ਨਵੰਬਰ 2020 ਵਿੱਚ ਆਮ ਨਗਰਪਾਲਿਕਾ ਦੀਆਂ ਚੋਣਾਂ ਤੋਂ ਸ਼ੁਰੂ ਕਰਦੇ ਹੋਏ, ਅਤੇ ਉਸ ਤੋਂ ਬਾਅਦ ਹਰੇਕ ਚਾਰ ਸਾਲ ਤੇ, ਧਾਰਾ 2.05.140(b) ਵਿੱਚ ਦਿੱਤੇ ਗਏ ਦੇ ਇਲਾਵਾ ਅਤੇ ਧਾਰਾ 2.05.100 ਵਿੱਚ ਦੱਸੀ ਗਈ ਮਿਆਦੀ ਸੀਮਾਵਾਂ ਦੇ ਅਧੀਨ ਚੁਣਿਆ ਜਾਏਗਾ।

(b) ਹਾਲਾਂਕਿ ਉਪਭਾਗ (a), ਉੱਤੇ ਦੱਸੇ ਗਏ ਅਤੇ ਹੇਠਾਂ ਦੱਸੇ ਗਏ, ਉਪਭਾਗ (d) ਦੇ ਅਧੀਨ, 2018 ਵਿੱਚ ਕੌਂਸਲ ਜ਼ਿਲ੍ਹੇ 1 ਤੋਂ ਚੁਣਿਆ ਗਿਆ ਕੌਂਸਲ ਮੈਂਬਰ, ਦੋ ਸਾਲਾਂ ਦੀ ਮਿਆਦ ਲਈ ਸੇਵਾ ਕਰੇਗਾ।

(c) ਕੌਂਸਲ ਜ਼ਿਲ੍ਹਿਆਂ 5 ਅਤੇ 6 ਦੇ ਕੌਂਸਲ ਦੇ ਮੈਂਬਰਾਂ ਨੂੰ ਨਵੰਬਰ 2020 ਵਿੱਚ ਆਮ ਨਗਰਪਾਲਿਕਾ ਦੀਆਂ ਚੋਣਾਂ ਤੋਂ ਸ਼ੁਰੂ ਕਰਦੇ ਹੋਏ, ਅਤੇ ਉਸ ਤੋਂ ਬਾਅਦ ਹਰੇਕ ਚਾਰ ਸਾਲ ਤੇ, ਧਾਰਾ 2.05.100 ਵਿੱਚ ਦੱਸੀ ਗਈ ਮਿਆਦੀ ਸੀਮਾਵਾਂ ਦੇ ਅਧੀਨ ਚੁਣਿਆ ਜਾਏਗਾ।

(d) 2018 ਵਿੱਚ ਕੌਂਸਲ ਜ਼ਿਲ੍ਹੇ 1 ਤੋਂ ਚੁਣਿਆ ਗਿਆ ਕੌਂਸਲ ਮੈਂਬਰ, ਨਵੰਬਰ 2020 ਵਿੱਚ ਦੁਬਾਰਾ ਚੋਣਾਂ ਦੇ ਅਧੀਨ ਹੋਵੇਗਾ, ਅਤੇ ਉਸ ਤੋਂ ਬਾਅਦ ਹਰੇਕ ਚਾਰ ਸਾਲ ਤੇ, ਧਾਰਾ 2.05.100 ਵਿੱਚ ਦੱਸੀ ਗਈ ਮਿਆਦੀ ਸੀਮਾਵਾਂ ਦੇ ਅਧੀਨ ਹੋਏਗਾ।

ਭਾਗ 2**.** ਜ਼ਿਲ੍ਹੇ ਦਾ ਨਕਸ਼ਾ

ਇਸ ਔਰਡੀਨੈਂਸ ਵਿੱਚ ਵੇਰਵਿਤ ਜ਼ਿਲ੍ਹਿਆਂ ਨੂੰ ਦਰਸਾਉਣ ਵਾਲਾ ਨਕਸ਼ਾ ਪਰਿਸ਼ਿਸ਼ਟ (ਦਸਤਾਵੇਜ਼) 1 ਨਾਲ ਨੱਥੀ ਕੀਤਾ ਗਿਆ ਹੈ ਅਤੇ ਇਸ ਸੰਦਰਭ ਦੁਆਰਾ ਸ਼ਾਮਲ ਕੀਤਾ ਗਿਆ ਹੈ। ਜਿਸ ਹੱਦ ਤੱਕ ਇਸ ਪਾਠ ਵਿੱਚ ਸੰਸ਼ੋਧਿਤ ਅਧਿਆਦੇਸ਼ ਵਿੱਚਲੇ ਵੇਰਵੇ ਅਤੇ ਇਸ ਵਿੱਚ ਸ਼ਾਮਲ ਕੀਤੇ ਨਕਸ਼ੇ ਦੇ ਵਿਚਕਾਰ ਕੋਈ ਟਕਰਾਵ ਦਿਖਾਈ ਦਿੰਦਾ ਹੈ, ਤਾਂ ਨਕਸ਼ਾ ਪਰਭਾਵੀ ਹੋਏਗਾ। ਜੇਕਰ ਇਸ ਅਧਿਆਦੇਸ਼ ਨੂੰ ਲਾਗੂ ਕਰਨਾ ਲੋੜੀਂਦਾ ਹੋਵੇ ਤਾਂ ਸ਼ਹਿਰੀ ਪ੍ਰਬੰਧਕ ਜਾਂ ਉਸ ਦੁਆਰਾ ਮਨੋਨੀਤ ਵਿਅਕਤੀ

ਜ਼ਿਲ੍ਹੇ ਦੀਆਂ ਹੱਦਾਂ ਵਿੱਚ ਤਕਨੀਕੀ ਸੁਧਾਰ ਕਰਨ ਲਈ ਅਧਿਕਾਰਤ ਹੁੰਦਾ ਹੈ ਜਿਸਦਾ ਜ਼ਿਲ੍ਹੇ ਦੀ ਜਨਸੰਖਿਆ, ਉਮੀਦਵਾਰਾਂ ਦੀ ਯੋਗਤਾ, ਜਾਂ ਜ਼ਿਲ੍ਹੇ ਦੇ ਅੰਦਰ ਚੁਣੇ ਗਏ ਅਧਿਕਾਰੀਆਂ ਦੀ ਰਿਹਾਇਸ਼ ਉੱਪਰ ਕੋਈ ਪ੍ਰਭਾਵ ਨਹੀਂ ਪੈਂਦਾ ਹੈ। ਸ਼ਹਿਰੀ ਪ੍ਰਬੰਧਕ ਸਿਟੀ ਅਟਾਰਨੀ ਨਾਲ ਲੋੜੀਂਦੀ ਮੰਨੀ ਜਾਣ ਵਾਲੀਆਂ ਤਕਨੀਕੀ ਸਮਾਯੋਜਨਾਵਾਂ ਬਾਰੇ ਸਲਾਹ ਮਸ਼ਵਰਾ ਕਰੇਗਾ ਅਤੇ ਸਿਟੀ ਕੌਂਸਲ ਨੂੰ ਜ਼ਿਲ੍ਹਿਆਂ ਵਿੱਚ ਲਾਗੂ ਕਰਨ ਲਈ ਅਜਿਹੇ ਲੋੜੀਂਦੇ ਬਦਲਾਵਾਂ ਬਾਰੇ ਸੁਝਾਅ ਦੇਵੇਗਾ।

ਭਾਗ 3. CEQA

ਸਿਟੀ ਕੌਂਸਲ ਪਤਾ ਲਗਾਉਂਦੀ ਹੈ ਕਿ ਫ੍ਰੀਮੌਂਟ ਨਗਰਪਾਲਿਕਾ ਕੋਡ ਵਿੱਚ ਕੀਤੇ ਪ੍ਰਸਤਾਵਿਤ ਸੋਧਾਂ ਨੂੰ ਕੈਲੀਫ਼ੋਰਨੀਆ ਕੋਡ ਆਫ਼ ਰੈਗੂਲੇਸ਼ਨ ਦੇ ਸੈਕਸ਼ਨ 15061(b)(3) ਦੇ ਟਾਈਟਲ 14 ਦੇ ਸਬੰਧ ਵਿੱਚ ਕੈਲੀਫ਼ੋਰਨੀਆ ਵਾਤਾਵਰਨ ਗੁਣਵਤਤਾ ਐਕਟ (CEQA) ਦੀਆਂ ਸ਼ਰਤਾਂ ਤੋਂ ਛੋਟ ਪ੍ਰਾਪਤ ਹੈ, ਇਹਨਾਂ ਵਿੱਚ ਇਹ ਅਜਿਹਾ ਪ੍ਰੋਜੈਕਟ ਨਹੀਂ ਹੈ ਜਿਸ ਵਿੱਚ ਵਾਤਾਵਰਨ ਨੂੰ ਵਿਸ਼ੇਸ਼ ਤੌਰ 'ਤੇ ਪ੍ਰਭਾਵਿਤ ਕਰਨ ਦੀ ਸਮਰੱਥਾ ਹੈ।

ਭਾਗ 4. ਪਰਭਾਵੀ ਹੋਣ ਦੀ ਤਾਰੀਖ਼

ਇਹ ਔਰਡੀਨੈਂਸ ਅਪਨਾਏ ਜਾਣ ਤੋਂ 30 ਦਿਨਾਂ ਬਾਅਦ ਲਾਗੂ ਹੋਵੇਗਾ।

ਭਾਗ 5. ਵਿਭਾਜਿਤ ਕਰਣ ਦੀ ਸਮਰਥਾ

ਜੇਕਰ ਇਸ ਅਧਿਆਦੇਸ਼ ਦਾ ਕੋਈ ਭਾਗ, ਉਪ-ਭਾਗ, ਵਾਕ, ਧਾਰਾ ਜਾਂ ਵਾਕਾਂਸ਼ ਨੂੰ ਯੋਗ ਅਧਿਕਾਰ ਖੇਤਰ ਦੀ ਅਦਾਲਤ ਦੁਆਰਾ ਕਿਸੇ ਵੀ ਕਾਰਨ ਨਾਲ ਅਯੋਗ ਕਰਾਰ ਦਿੱਤਾ ਜਾਂਦਾ ਹੈ, ਤਾਂ ਅਜਿਹਾ ਫੈਸਲਾ ਇਸ ਅਧਿਆਦੇਸ਼ ਦੇ ਬਾਕੀ ਰਹਿੰਦੇ ਹਿੱਸੇ ਦੀ ਵੈਧਤਾ ਨੂੰ ਪ੍ਰਭਾਵਤ ਨਹੀਂ ਕਰੇਗਾ। ਅਜਿਹੇ ਭਾਗ, ਉਪ-ਭਾਗ, ਵਾਕ, ਧਾਰਾ ਜਾਂ ਵਾਕਾਂਸ਼ ਨੂੰ ਕੈਲੀਫੋਰਨੀਆ ਕੋਡ ਆਫ਼ ਰੈਗੂਲੇਸ਼ਨ ਦੇ ਟਾਈਟਲ 24 ਦੇ ਅਨੁਸਾਰੀ ਉਪਬੰਧਾਂ, ਜੇਕਰ ਕੋਈ ਹਨ, ਨੂੰ ਵਰਤਿਆ ਜਾਂ ਬਦਲਿਆ ਜਾਵੇਗਾ। ਸਿਟੀ ਆਫ਼ ਫ੍ਰੀਮੌਂਟ ਦੀ ਸਿਟੀ ਕੌਂਸਲ ਘੋਸ਼ਣਾ ਕਰਦੀ ਹੈ ਕਿ ਇਸ ਅਧਿਆਦੇਸ਼ ਅਤੇ ਹਰ ਇੱਕ ਭਾਗ ਜਾਂ ਉਪ-ਭਾਗ, ਵਾਕ, ਧਾਰਾ ਅਤੇ ਵਾਕਾਂਸ਼ ਨੂੰ ਇਸ ਤੱਥ ਦੇ ਬਾਵਜੂਦ ਪਾਸ ਕਰ ਚੁੱਕੀ ਹੋਵੇਗੀ ਕਿ ਕੋਈ ਵੀ ਇੱਕ ਜਾਂ ਇੱਕ ਤੋਂ ਵੱਧ ਭਾਗ, ਉਪ-ਭਾਗ, ਵਾਕ, ਧਾਰਾਵਾਂ ਜਾਂ ਵਾਕ ਅਵੈਧ ਹੋ ਸਕਦੇ ਹਨ।

ਭਾਗ 6. ਪਬਲੀਕੇਸ਼ਨ

ਇਸ ਅਧਿਆਦੇਸ਼ ਨੂੰ ਇਸਦੇ ਅਪਨਾਏ ਜਾਣ ਦੇ ਪੰਦਰਾਂ (15) ਦਿਨਾਂ ਦੇ ਅੰਦਰ ਇੱਕ ਵਾਰ ਅਲਾਮੀਡਾ ਕਾਊਂਟੀ ਵਿੱਚ ਆਮ ਸਰਕੂਲੇਸ਼ਨ ਦੇ ਅਖ਼ਬਾਰ ਵਿੱਚ ਛਾਪਿਆ ਅਤੇ ਪ੍ਰਿੰਟ ਕੀਤਾ ਜਾਣਾ ਚਾਹੀਦਾ ਹੈ, ਅਤੇ ਫ੍ਰੀਮੌਂਟ ਸ਼ਹਿਰ ਵਿੱਚ ਵੰਡਿਆ ਜਾਣਾ ਚਾਹੀਦਾ ਹੈ।

* * *

______, 2017 ਦੇ ਦਿਨ __ ਨੂੰ ਆਯੋਜਿਤ ਸਿਟੀ ਆਫ਼ ਫ੍ਰੀਮੌਂਟ ਦੀ ਸਿਟੀ ਕੌਂਸਲ ਦੀ ਨੇਮੀ ਬੈਠਕ ਵਿੱਚ ਪੂਰਵ ਵਿਧਾਨ ਅਧਿਆਦੇਸ਼ ਪੇਸ਼ ਕੀਤਾ ਗਿਆ ਸੀ, ਅਤੇ ਇਹ ਹੇਠ ਦਿੱਤੀਆਂ ਵੋਟਾਂ ਦੁਆਰਾ ਅਖੀਰ ਵਿੱਚ__________, 2017 ਦੇ ਦਿਨ ______ ਨੂੰ ਆਯੋਜਿਤ ਸਿਟੀ ਕੌਂਸਲ ਦੀ ਨੇਮੀ ਬੈਠਕ ਵਿੱਚ ਅਪਣਾਇਆ ਗਿਆ ਸੀ:

ਹਾਂ ਵਾਲੇ:

ਨਹੀਂ ਵਾਲੇ:

ਗੈਰਹਾਜ਼ਰ ਸਨ:

ਲਾਂਭੇ ਰਹੇ:

ਮੇਅਰ

ਤਸਦੀਕ:

ਸਿਟੀ ਕਲਰਕ

ਬਣਾਉਣ ਲਈ ਪ੍ਰਵਾਨਗੀ ਪ੍ਰਾਪਤ:

ਸਹਾਇਕ ਸਿਟੀ ਅਟਾਰਨੀ

**Fremont City Council**
3300 Capitol Avenue
Fremont, CA 94538
**SUBMITTED**

Meeting: 06/13/17 07:00 PM
Div/Dept: City Manager's Office
Category: Code Adoptions & Amendments

Sponsors:
DOC ID: 3128

**STAFF REPORT (ID # 3128)**

## ਜ਼ਿਲ੍ਹਾ-ਅਧਾਰਤ ਚੋਣ ਪ੍ਰਕਿਰਿਆ ਸਥਾਪਤ ਕਰਨ ਅਤੇ ਫ੍ਰੀਮੋਂਟ ਦੀ ਨਗਰਪਾਲਿਕਾ ਕੋਡ ਦੇ ਚੋਣਾਂ ਸਬੰਧੀ ਅਧਿਆਇ 2.05 ਵਿੱਚ ਹੋਰ ਅਨੁਪਾਲਨ ਸਬੰਧੀ ਅਤੇ ਤਕਨੀਕੀ ਤਬਦੀਲੀਆਂ ਕਰਨ ਵਾਲੇ ਸਿਟੀ ਆਫ਼ ਫ੍ਰੀਮੋਂਟ ਦੇ ਇੱਕ ਔਰਡੀਨੈਂਸ (ordinance) ਦੀ ਦੂਜੀ ਰੀਡਿੰਗ (ਪੜ੍ਹਨਾ) ਅਤੇ ਉਸਨੂੰ ਅਪਨਾਉਣਾ

**ਸੰਪਰਕ ਵਿਅਕਤੀ:**

| | | |
|---|---|---|
| ਨਾਂ: | ਜੈਸਿਕਾ ਵੌਨ ਬੌਰਕ (Jessica von Borck) | ਸੂਸਨ ਗੌਥੀਅਰ (Susan Gauthier) |
| ਪਦਵੀ: | ਸਹਾਇਕ ਸਿਟੀ ਪ੍ਰਬੰਧਕ | ਸਿਟੀ ਕਲਰਕ |
| ਵਿਭਾਗ: | ਸਿਟੀ ਪ੍ਰਬੰਧਕ ਦਾ ਦਫ਼ਤਰ | ਸਿਟੀ ਕਲਰਕ ਦਾ ਦਫ਼ਤਰ |
| ਫ਼ੋਨ: | 510-248-4008 | 510-284-4076 |
| ਈ-ਮੇਲ: | jvborck@fremont.gov | sgauthier@fremont.gov |

---

**ਕਾਰਜਕਾਰੀ ਸੰਖੇਪ:** 21 ਮਾਰਚ 2017 ਨੂੰ, ਸਿਟੀ ਨੇ ਵਿਆਪਕ ਪੱਧਰ ਤੋਂ ਜ਼ਿਲ੍ਹਾ ਅਧਾਰਤ ਚੋਣਾਂ ਵਿੱਚ ਬਦਲਾਅ ਕਰਨ ਦੇ ਇਰਾਦੇ ਦਾ ਇੱਕ ਮੱਤਾ ਅਪਨਾਇਆ। ਚੋਣ ਕੋਡ ਸੈਕਸ਼ਨ 10010 ਦੇ ਅਨੁਸਾਰ, ਸਿਟੀ ਦਾ ਕਨੂੰਨ ਵਿੱਚ ਨਿਰਧਾਰਤ ਸਮੇਂ ਸੀਮਾ ਦੇ ਅੰਦਰ ਪੰਜ (5) ਜਨਤਕ ਸੁਣਵਾਈਆਂ ਕਰਵਾਉਣਾ ਜ਼ਰੂਰੀ ਹੈ। 2 ਮਈ 2017 ਦੀ ਜਨਤਕ ਸੁਣਵਾਈ ਵਿੱਚ, ਕੌਂਸਲ ਨੇ ਇੱਕ ਹੋਰ ਵਾਧੂ ਸੁਣਵਾਈ ਕਰਵਾਉਣ ਦਾ ਫੈਸਲਾ ਲਿਆ। ਪਹਿਲੀ ਪੰਜ (5) ਜਨਤਕ ਸੁਣਵਾਈਆਂ ਪੂਰੀਆਂ ਹਨ ਅਤੇ ਕੌਂਸਲ ਅਤੇ ਸਮੁਦਾਇ ਨੂੰ ਜ਼ਿਲ੍ਹਿਆਂ ਦੀ ਰਚਨਾ ਕਰਨ ਅਤੇ ਚੋਣਾਂ ਦੀ ਸੰਭਾਵਤ ਤਰਤੀਬ ਦੇ ਬਾਰੇ ਚਰਚਾ ਕਰਨ ਦੀ ਇਜਾਜ਼ਤ ਮਿਲ ਗਈ ਸੀ। 6 ਜੂਨ ਨੂੰ ਹੋਈ ਸੁਣਵਾਈ ਉਹ ਪੰਜਵੀ ਜਨਤਕ ਸੁਣਵਾਈ ਸੀ ਜਿਸ ਵਿੱਚ ਕੌਂਸਲ ਨੇ ਨਕਸ਼ੇ C2-b ਦੀ ਪਸੰਦੀਦਾ ਨਕਸ਼ੇ ਦੇ ਤੌਰ ਤੇ ਚੋਣ ਕੀਤੀ ਅਤੇ ਜ਼ਿਲ੍ਹਾ ਅਧਾਰਤ ਚੋਣਾਂ ਦੀ ਸਥਾਪਨਾ ਕਰਨ ਅਤੇ ਫ੍ਰੀਮੋਂਟ ਦੀ ਨਗਰਪਾਲਿਕਾ ਕੋਡ ਦੇ ਅਧਿਆਇ 2.05 ਵਿੱਚ ਹੋਰ ਅਨੁਪਾਲਨ ਸਬੰਧੀ ਅਤੇ ਤਕਨੀਕੀ ਤਬਦੀਲੀਆਂ ਕਰਨ ਲਈ ਇੱਕ ਔਰਡੀਨੈਂਸ (ordinance) ਦੀ ਪ੍ਰਸਤਾਵਨਾ ਕੀਤੀ। ਛਠੀ ਅਤੇ ਅੰਤਮ ਜਨਤਕ ਸੁਣਵਾਈ ਵਿੱਚ, ਇਹ ਔਰਡੀਨੈਂਸ (ordinance) ਹੁਣ ਕੌਂਸਲ ਦੇ ਸਾਮ੍ਹਣੇ ਅਪਨਾਉਣ ਲਈ ਮੌਜੂਦ ਹੈ।

**ਨੱਥੀ ਦਸਤਾਵੇਜ਼:**

- ਮਸੌਦਾ ਔਰਡੀਨੈਂਸ (ordinance) – ਜ਼ਿਲ੍ਹਾ ਅਧਾਰਤ ਚੋਣਾਂ ਅਤੇ ਸੰਸ਼ੋਧਨ

ਸਿਫਾਰਸ਼: ਔਰਡੀਨੈਂਸ (ordinance) ਨੂੰ ਅਪਨਾਓ